ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਸ਼ਹੀਦ ਭਾਈ ਮਤੀ ਦਾਸ ਜੀ

ਦਸੰਬਰ ੧੯੯੪



DECEMBER 1994

ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਧਰਮ ਹੇਤ ਸੀਸ ਦਿਤੇ, ਦੇਗ ਚਲਾਈ, ਤੇਗ ਵਾਹੀ, ਆਰਿਆਂ ਨਾਲ ਤਨ ਚਰਵਾਏ, ਦੇਗਾਂ ਵਿੱਚ ਉਬਾਲੇ ਗਏ, ਚਰਖੜੀਆਂ ਤੇ ਚੜ੍ਹੇ, ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਜਰਵਾਣਿਆਂ ਦੀਆਂ ਜੇਲ੍ਹਾਂ ਵਿੱਚ ਅਸਹਿ ਤੇ ਅਕਹਿ ਕਸ਼ਟ ਸਹਾਰੇ, ਮਾਤਾਵਾਂ ਨੇ ਆਪਣੇ ਸ਼ੀਰ ਖੋਰ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਭਰਵਾਈਆਂ, ਉਨ੍ਹਾਂ ਦੀਆਂ ਆਂਦਰਾਂ ਦੇ ਹਾਰ ਗਲਾਂ ਵਿੱਚ ਪੁਆਏ, ਭਾਣੇ ਨੂੰ ਮਿੱਠਾ ਕਰਕੇ ਮੰਨਿਆ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ, ਤਿਨ੍ਹਾਂ ਦੀ ਕ੍ਰਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

www.AKJ.Org

# ਤੱਤਕਰਾ


| | | | |
|---|---|---|---|
| ੧. ਪੋਖਿ ਤੁਖਾਰ ਨ ਵਿਆਪਈ | ੧ | ੧੧. ਜੀਵਨ ਬਿਉਰਾ ਗੁਰੂ ਤੇਗ ਬਹਾਦਰ ਜੀ | ੨੦ |
| ੨. ਅਰਥ ਵਿਆਖਿਆ | ੨ | ੧੨. ਸ੍ਰੀ ਗੁਰੂ ਤੇਗ ਬਹਾਦਰ ਜੀ (ਕਵਿਤਾ) | ੨੦ |
| ੩. ਨਾਮ ਜਾਪ ਤੇ ਗੁਰਬਾਣੀ ਦਾ ਪੜ੍ਹਨਾ | ੩ | ੧੩. ਸਤਿਗੁਰੂ ਕ੍ਰਿਪਾ (ਕਵਿਤਾ) | ੨੦ |
| ੪. ਕਬਿਤ ਸਵੱਯੇ | ੪ | ੧੪. ਲਾਖ ਕਰੋਰੀ ਬੰਧੁ ਨ ਪਰੈ | ੨੧ |
| ੫ ਸਚੇ ਨਾਮ ਦੀ ਅਖੰਡ ਧੁਨੀ | ੭ | ੧੫. ਗੁਰੂ ਨਾਨਕ ਦਾ ਅਰਸ਼ੀ ਸੰਗੀਤ | ੨੪ |
| ੬ ਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸਿਖਿਆ | ੮ | ੧੬. ਸਚਿਆਰ ਪਦ ਦੀ ਪ੍ਰਾਪਤੀ | ੨੭ |
| ੭. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ | ੧੧ | ੧੭. ਖਾਲਸੇ ਦੀ ਵਿਲੱਖਣਤਾ | ੩੨ |
| ੮ ਤੀਰਥ ਪੂਰਾ ਸਤਿਗੁਰੂ | ੧੫ | ੧੮. ਬਾਪੂ ਜੀ ਤੋਂ ਬਚੋ | ੩੪ |
| ੯ ਜੀਊਣਾ (ਕਵਿਤਾ) | ੧੭ | ੧੯. ਆਡਿਟ ਰਿਪੋਰਟ | ੩੮ |
| ੧੦. ਸੀਸ ਦੀਆ ਪਰ ਸਿਰਰ ਨਾ ਦੀਆ | ੧੮ | ੨੦. ਪਾਠ ਉਤਸ਼ਾਹਤ ਸਕੀਮ | ੪੦ |


**ਗੁਰਗੱਦੀ ਪਾ: ੧੦ਵੀਂ: ੫ ਦਸੰਬਰ** **ਸ਼ਹੀਦੀ ਪਾਤਸ਼ਾਹੀ ੯ਵੀਂ: ੭ ਦਸੰਬਰ**

**ਜਲੰਧਰ ਵਿਖੇ ਸੂਰਾ ਸਟਾਲ ਤੇ ਕਿਸੇ ਪ੍ਰੇਮੀ ਦਾ ਕਿਤਾਬਾਂ ਦਾ ਪੈਕਟ ਰਹਿ ਗਿਆ ਹੈ । ਜਿਸਦਾ ਹੋਵੇ ਉਹ ਕ੍ਰਿਪਾ ਕਰਕੇ ਲੁਧਿਆਣਾ ਸਮਾਗਮ ਵਿਖੇ ਸਟਾਲ ਤੋਂ ਲੈ ਲਵੇ ।**

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ ———

੧. ਲੁਧਿਆਣਾ — ੧. ਮੁੱਖ ਦਫਤਰ "ਸੂਰਾ"- ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ ।
੨. ਭਾਈ ਹਰਬੰਸ ਸਿੰਘ, ਬੰਬੋ ਮਾਈਕਰੋਨਿਕਸ, ਦੁਕਾਨ ਨੰ-੧੭ ਦੇ ਪਿਛੇ ਗੋਲ ਮਾਰਕੀਟ, ਮਾਡਲ ਟਾਊਨ, ਲੁਧਿਆਣਾ।
੨. ਜਲੰਧਰ — ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ — ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।
੪. ਪਟਿਆਲਾ - ਭਾਈ ਆਸਾ ਸਿੰਘ ਐਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ ।
੫. ਚੰਡੀਗੜ੍ਹ ਤੇ ਮੋਹਾਲੀ — ਭਾਈ ਫੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸਏ.ਐਸ. ਨਗਰ, ਮੋਹਾਲੀ ।
੬. ਦਿੱਲੀ — ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ ।
੭. ਸਾਰੇ ਸਮਾਗਮਾਂ ਸਮੇਂ — ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ ।
੮. ਬਠਿੰਡਾ — ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ ।
੯. ਮੋਗਾ — ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯, ੨੧੬੮੧ ।
੧੦. ਅੰਮ੍ਰਿਤਸਰ — ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦ ।
ਸੂਚਨਾ-ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ।

## ਵਿਦੇਸ਼ ਵਿਚ ਸੂਰੇ ਦੇ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ :

ਭਾਈ ਗੁਰਨਾਮ ਸਿੰਘ
10, LAMBOURNE GARDENS, EARLEY READING, BERKS, U.K. TEL. : 0734-616902

## ਗੁਰਮਤਿ ਪ੍ਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਮੈਂਬਰ ਬਣਾਓ ਜੀ ।

ਡਿਜ਼ਾਈਨ ਕਰਾਫ਼ਟ, ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ -ਫੋਨ : ੫੩੩੦੯੮ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨ -ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਸੋ ਕਹੀਅਤ ਹੈ ਸੂਰਾ

ਮਾਸਿਕ ਪੱਤਰ

# ਸੂਰਾ

ਲੁਧਿਆਣਾ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**(ਪਰਦੇਸ ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੧੦੦-੦੦ |
| ਹਵਾਈ ਡਾਕ | ੩੦੦-੦੦ |

Foreign Subscription

| | |
|---|---|
| Sea Mail | 100-00 |
| Air Mail | 300-00 |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੩੦੦-੦੦ |

**ਪਰਦੇਸ**

| | |
|---|---|
| ਸਮੁੰਦਰੀ ਡਾਕ | ੧,੦੦੦-੦੦ |
| ਹਵਾਈ ਡਾਕ | ੨,੫੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੮ | ਦਸੰਬਰ ੧੯੯੪ | ਅੰਕ ੧੨


# ਪੋਖਿ ਤੁਖਾਰੁ ਨ ਵਿਆਪਈ

ਪੋਖਿ ਤੁਖਾਰੁ ਨ ਵਿਆਪਈ, ਕੰਠਿ ਮਿਲਿਆ ਹਰਿ ਨਾਹੁ ।।  
ਮਨੁ ਬੇਧਿਆ ਚਰਨਾਰਬਿੰਦ, ਦਰਸਨਿ ਲਗੜਾ ਸਾਹੁ ।।  
ਓਟ ਗੋਵਿੰਦ ਗੋਪਾਲ ਰਾਇ, ਸੇਵਾ ਸੁਆਮੀ ਲਾਹੁ ।।  
ਬਿਖਿਆ ਪੋਹਿ ਨ ਸਕਈ, ਮਿਲਿ ਸਾਧੂ ਗੁਣ ਗਾਹੁ ।।  
ਜਹ ਤੇ ਉਪਜੀ ਤਹ ਮਿਲੀ, ਸਚੀ ਪ੍ਰੀਤਿ ਸਮਾਹੁ ।।  
ਕਰੁ ਗਹਿ ਲੀਨੀ ਪਾਰਬ੍ਰਹਮਿ, ਬਹੁੜਿ ਨ ਵਿਛੁੜੀਆਹੁ ।।  
ਬਾਰਿ ਜਾਉ ਲਖ ਬੇਰੀਆ, ਹਰਿ ਸਜਣੁ ਅਗਮ ਅਗਾਹੁ ।।  
ਸਰਮ ਪਈ ਨਾਰਾਇਣੈ, ਨਾਨਕ ਦਰਿ ਪਈਆਹੁ ।।  
ਪੋਖੁ ਸੋੁਹੰਦਾ ਸਰਬ ਸੁਖ, ਜਿਸੁ ਬਖਸੇ ਵੇਪਰਵਾਹੁ ।। ੧੧ ।।

(ਬਾਰਹਮਾਹਾ ਮਾਝ ਮ: ੫ ਪੰਨਾ-੧੩੫ )

**ਪਦ ਅਰਥ:** ਪੋਖਿ-ਪੋਹ ਦੇ ਮਹੀਨੇ ਵਿੱਚ । ਤੁਖਾਰੁ-ਕੱਕਰ, ਕੋਰਾ। ਨ ਵਿਆਪਈ-ਨਹੀਂ ਪੋਹੰਦਾ । ਕੰਠਿ-ਗਲ ਵਿੱਚ । ਨਾਹੁ-ਨਾਥ, ਖਸਮ, ਪਤੀ । ਬੇਧਿਆ-ਵਿੰਨ੍ਹਿਆ ਜਾਂਦਾ ਹੈ । ਚਰਨਾਰਬਿੰਦ-ਚਰਨ ਕੰਵਲ । ਸਾਹੁ-ਇਕ ਇਕ ਸਾਹ, ਬਿਰਤੀ । ਓਟ-ਆਸਰਾ । ਲਾਹੁ-ਲਾਹਾ, ਲਾਭ । ਬਿਖਿਆ-ਮਾਇਆ । ਸਾਧੂ-ਗੁਰੂ । ਗੁਣ ਗਾਹੁ-ਗੁਣਾਂ ਦੀ ਵੀਚਾਰ । ਸਮਾਹੁ-ਲਿਵ । ਕਰੁ-ਹੱਥ । ਗਹਿ-ਫੜ ਕੇ । ਬਹੁੜਿ-ਮੁੜ ਕੇ, ਦੁਬਾਰਾ । ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ । ਲਖ ਬੇਰੀਆ-ਲੱਖ ਵਾਰੀ । ਅਗਮ-ਅਪਹੁੰਚ । ਅਗਾਹੁ-ਅਗਾਧ । ਸਰਮ-ਸ਼ਰਮ, ਲਾਜ । ਸੋੁਹੰਦਾ-ਸੋਹਣਾ ਲਗਦਾ ਹੈ ।




www.AKJ.Org

# ਅਰਥ ਵਿਆਖਿਆ

**ਅਰਥ** : ਪੋਹ ਦੇ ਮਹੀਨੇ ਜਿਸ ਜੀਵ ਇਸਤਰੀ ਦੇ ਗਲ ਨਾਲ ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੋਰਾ ਕੱਕਰ ਪੋਹੰਦਾ ਨਹੀਂ ਕਿਉਂਕਿ ਉਸ ਦੀ ਬਿਰਤੀ ਪ੍ਰਭੂ ਦਰਸ਼ਨਾਂ ਦੀ ਤਾਂਘ ਵਿੱਚ ਲੱਗੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿੱਚ ਵਿੰਝਾ ਰਹਿੰਦਾ ਹੈ ।

ਜਿਸ ਜੀਵ ਇਸਤਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਹਾ ਲਿਆ ਹੈ। ਮਾਇਆ ਉਸ ਨੂੰ ਪੋਹ ਨਹੀਂ ਸਕਦੀ। ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ । ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿੱਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਪ੍ਰੀਤ ਵਿੱਚ ਲੱਗੀ ਰਹਿੰਦੀ ਹੈ । ਪਾਰਬ੍ਰਹਮ ਨੇ ਉਸ ਦਾ ਹੱਥ ਫੜ ਕੇ ਉਸ ਨੂੰ ਆਪਣੇ ਚਰਨਾਂ ਵਿੱਚ ਜੋੜਿਆ ਹੋਇਆ ਹੁੰਦਾ ਹੈ ਜਿਸ ਕਰਕੇ ਉਹ ਮੁੜ ਉਸਦੇ ਚਰਨਾਂ ਤੋਂ ਵਿਛੜਦੀ ਨਹੀਂ । ਪਰ ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਅਗਾਧ (ਡੂੰਘਾ) ਹੈ, ਮੈਂ ਉਸ ਤੋਂ ਲੱਖ ਵਾਰੀ ਕੁਰਬਾਨ ਜਾਂਦੀ ਹਾਂ । ਨਾਨਕ ਮੋਹਰ ਛਾਪ ਥੱਲੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪ੍ਰਭੂ ਨੂੰ ਉਸਦੇ ਦਰ ਤੇ ਢੱਠਿਆ ਦੀ ਲਾਜ ਰੱਖਣੀ ਹੀ ਪੈਂਦੀ ਹੈ । ਜਿਸ ਉੱਤੇ ਉਹ ਵੇਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲਗਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ ।

**ਵਿਆਖਿਆ** : ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਆਪਣੇ ਗਲ ਵਿੱਚ ਰਾਮ ਨਾਮ ਦਾ ਹਾਰ ਪਾਇਆ ਹੋਇਆ ਹੈ, ਜਿਨ੍ਹਾਂ ਦੀ ਪ੍ਰੀਤ ਪ੍ਰਭੂ ਚਰਨਾਂ ਨਾਲ ਲੱਗੀ ਹੋਈ ਹੈ, ਜਿਨ੍ਹਾਂ ਨੂੰ ਪ੍ਰਭੂ ਪ੍ਰੀਤਮ ਦੇ ਦਰਸ਼ਨਾਂ ਦੀ ਚਾਹ ਹੈ, ਜਿਨ੍ਹਾਂ ਨੇ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦਾ ਓਟ ਆਸਰਾ ਲਿਆ ਹੋਇਆ ਹੈ, ਜਿਹੜੇ ਪ੍ਰਭੂ ਪ੍ਰਮਾਤਮਾ ਦੀ ਸੇਵਾ ਸਿਮਰਨ ਵਿੱਚ ਲੱਗੇ ਹੋਏ ਹਨ, ਜੋ ਸਤਿਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦੇ ਗੁਣ ਗਾਉਂਦੇ ਹਨ, ਸਿਫਤ ਸਾਲਾਹ ਕਰਦੇ ਹਨ, ਉਨ੍ਹਾਂ ਨੂੰ ਪੋਹ ਦੇ ਮਹੀਨੇ ਵਿੱਚ ਬਰਫੀਲੀ ਹਵਾ ਪੋਹ ਨਹੀਂ ਸਕਦੀ, ਉਨ੍ਹਾਂ ਤੇ ਮਾਇਆ ਰੂਪ ਜ਼ਹਿਰ ਦਾ ਕੋਈ ਅਸਰ ਨਹੀਂ ਹੁੰਦਾ ਕਿਉਂਕਿ—

**ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥**
**ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥**
**ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥**
**ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥੧॥**
**ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥**
**ਜੀਅ ਪ੍ਰਾਨ ਘਟ ਘਟ ਆਧਾਰੁ ॥੧॥ ਰਹਾਉ ॥**
**ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥**
**ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥**
**ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥**
**ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥੨॥**
**ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥**
**ਪ੍ਰਭ ਕੀ ਪ੍ਰੀਤਿ ਜਮ ਤੇ ਨਹੀਂ ਡਰੈ ॥**
**ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥**
**ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥੩॥**
**ਆਪਹੁ ਕੋਈ ਮਿਲੈ ਨ ਭੂਲੈ ॥**
**ਜਿਸੁ ਕ੍ਰਿਪਾਲ ਤਿਸੁ ਸਾਧਸੰਗਿ ਘੂਲੈ ॥**
**ਕਹੁ ਨਾਨਕ ਤੇਰੈ ਕੁਰਬਾਣੁ ॥**
**ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥**

(ਆਸਾ ਮ: ੫, ਪੰਨਾ-੩੯੧)

ਜਿਨ੍ਹਾਂ ਜੀਵ ਇਸਤਰੀਆਂ ਨੂੰ ਸੰਸਾਰ ਸਮੁੰਦਰ ਵਿੱਚ ਗੋਤੇ ਖਾਂਦੀਆਂ ਨੂੰ ਪ੍ਰਭੂ-ਪਤੀ ਬਾਂਹ ਫੜ ਕੇ ਬਾਹਰ ਕੱਢ ਲੈਂਦਾ ਹੈ, ਉਨ੍ਹਾਂ ਨੂੰ ਮੁੜ ਵਿਛੋੜਾ ਨਹੀਂ ਪੈਂਦਾ, ਉਹ ਦਰ ਢੱਠਿਆਂ ਦੀ ਲਾਜ ਰੱਖਦਾ ਹੈ । ਉਹ ਬਖਸ਼ਿੰਦ ਪ੍ਰਭੂ ਸਾਡੇ ਅਵਗੁਣਾਂ ਨੂੰ ਨਹੀਂ ਦੇਖਦਾ, ਇਕ ਖਿਨ ਵਿੱਚ ਸਾਡੇ ਪਿਛਲੇ ਕੀਤੇ ਗੁਨਾਹ ਬਖਸ਼ ਕੇ ਆਪਣੇ ਗਲ ਲਾ ਲੈਂਦਾ ਹੈ । ਪ੍ਰਭੂ ਪ੍ਰੀਤਮ ਤਾਂ ਸਾਨੂੰ ਆਪਣੇ ਗਲ ਲਾਉਣ ਲਈ ਹਰ ਵੇਲੇ ਤਿਆਰ ਖੜ੍ਹਾ ਹੈ । ਕਸੂਰ ਤਾਂ ਸਾਡੇ ਵਿੱਚ ਹੀ ਹੈ । ਅਸੀਂ ਵਿਸ਼ੇ ਵਿਕਾਰਾਂ ਦੇ ਨਿਗੂਣੇ ਸੁਆਦਾਂ ਵਿੱਚ ਫਸੇ ਉਸ ਵੱਲ ਮੂੰਹ ਹੀ ਨਹੀਂ ਕਰਦੇ, ਅਸੀਂ ਬਖੁਟਰ ਬਣੇ ਫਿਰਦੇ ਹਾਂ, ਸਾਨੂੰ ਉਸ ਦੇ ਦਰ ਤੇ ਢਹਿ ਪੈਣ ਦੀ ਜਾਚ ਹੀ ਨਹੀਂ ਆਉਂਦੀ । ਅਸੀ ਮਤਲਬੀ ਯਾਰ ਹਾਂ । ਮਤਲਬ ਪਿਆ ਤਾਂ ਰੱਬ ਨੂੰ ਯਾਦ ਕਰ ਲਿਆ, ਨਹੀਂ ਤਾਂ ਤੂੰ ਕੌਣ ਤੇ ਮੈਂ ਕੌਣ।

**ਸੇਵਾ ਥੋਰੀ, ਮਾਗਨੁ ਬਹੁਤਾ ॥**
**ਮਹਲੁ ਨ ਪਾਵੈ ਕਹਤੋ ਪਹੁਤਾ ॥੧॥**
**ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥**
**ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥**
**ਭੇਖ ਦਿਖਾਵੈ, ਸਚੁ ਨ ਕਮਾਵੈ ॥**
**ਕਹਤੋ ਮਹਲੀ ਨਿਕਟਿ ਨ ਆਵੈ ॥੨॥**
**ਅਤੀਤ ਸਦਾਏ ਮਾਇਆ ਕਾ ਮਾਤਾ ॥**
**ਮਨਿ ਨਹੀ ਪ੍ਰੀਤਿ, ਕਹੈ ਮੁਖਿ ਰਾਤਾ ॥੩॥**

(ਸੂਹੀ ਮ: ੫, ਪੰਨਾ-੭੩੮)

ਬਾਕੀ ਪੰਨਾ–੭ ਤੇ


www.AKJ.Org

# ਨਾਮ–ਜਾਪ ਤੇ ਗੁਰਬਾਣੀ ਦਾ ਪੜ੍ਹਨਾ

(ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਗੁਰਮਤਿ ਗੁਰਬਾਣੀ ਤੋਂ ਬੇਮੁੱਖ ਸਾਕਤ ਮਨਮੁੱਖਾਂ ਦੀ ਹਾਲਤ ਤੇ ਤਾਂ ਕੀ ਅਫਸੋਸ ਹੋ ਸਕਦਾ ਹੈ, ਅਸਾਡੇ ਘਰ ਦੇ ਹੀ ਸਿੱਖ ਕਹਾਉਣ ਵਾਲੇ ਬਹੁਤ ਸਾਰੇ ਸੱਜਣ ਐਸੇ ਹਨ, ਜਿਨ੍ਹਾਂ ਨੂੰ ਏਸ ਗੱਲ ਉਤੇ ਸ਼ਰਧਾ ਹੀ ਉੱਕੀ ਹੈ ਨਹੀਂ ਕਿ ਗੁਰਬਾਣੀ ਤੋਂ ਵਖਰਾ ਨਾਮ ਜਪਣਾ ਭੀ ਗੁਰੂ ਦਾ ਹੁਕਮ ਹੈ ਕਿ ਨਹੀਂ। ਹਾਲਾਂਕਿ ਸਾਰੀ ਗੁਰਬਾਣੀ, ਨਾਮ ਦੀ ਮਹਿਮਾ ਦਾ ਹੀ ਉਚਾਰਨ ਹੈ। ਸਤਿਗੁਰੂ ਦਾ ਹੁਕਮਨ ਸਿਰ ਹੁਕਮ ਹੈ ਨਾਮ ਜਪਣਾ, ਅਤੇ ਨਾਮ ਦਾ ਜਪਣਾ, ਰਸਨਾ ਤੇ ਮੁਖ ਦੁਆਰਾ ਹੀ ਹੋ ਸਕਦਾ ਹੈ। ਸੋ ਨਾਮ ਜਪਦੇ ਹੋਇਆਂ ਮੁਖ ਰਸਨਾ ਤੋਂ ਜਾਪ-ਅਲਾਪ ਦੀ ਆਵਾਜ਼ ਜ਼ਰੂਰ ਨਿਕਲੇਗੀ। ਇਹ ਅਵਾਜ਼ ਨਿੰਦਕਾਂ ਨੂੰ ਸੁਖਾਉਂਦੀ ਹੀ ਨਹੀਂ। ਚਾਹੇ ਕੋਈ ਹੌਲੀ ਹੌਲੀ ਜਪੇ, ਚਾਹੇ ਕੋਈ ਉੱਚੀ ਉੱਚੀ ਅਲਾਵੇ। ਹੌਲੀ ਜਪਣ ਵਾਲਿਆਂ ਨੂੰ ਤਾਂ ਨਿੰਦਕ ਜਨ ਬੱਕਰੀ ਵਾਂਗੂੰ ਮੂੰਹ ਮਾਰਦੇ ਦਸਦੇ ਹਨ ਅਤੇ ਉੱਚੀ ਨਾਮ ਜਪਣ ਵਾਲੇ ਨੂੰ, ਗੁਰਬਾਣੀ ਉੱਚੀ ਪੜ੍ਹਣ ਵਾਲਿਆਂ ਨੂੰ ਨਿੰਦਕ ਸੰਘ ਪਾੜਨਾ ਦਸਦੇ ਹਨ। ਇਕ ਐਸੇ ਹਨ ਜੋ ਕਹਿੰਦੇ ਹਨ ਬਾਣੀ ਦੇ ਪੜ੍ਹਨ ਦੀ ਲੋੜ ਹੀ ਨਹੀਂ, ਮਹਿਜ ਅਰਥ ਵਿਚਾਰਨ ਦੀ ਹੀ ਲੋੜ ਹੈ। ਮੁੜ ਮੁੜ ਉਸੇ ਬਾਣੀ ਨੂੰ ਰਟਣ ਕਰੀ ਜਾਣਾ ਅਤੇ ਅਰਥ ਨਾ ਵੀਚਾਰਨਾ, ਉਹ ਕਹਿੰਦੇ ਹਨ ਕਿ ਬੇਫਾਇਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੰਬਾਰ ਫਰਮਾਉਂਦੇ ਅਤੇ ਇਸ ਪ੍ਰਕਾਰ ਦੇ ਹੁਕਮ ਅਲਾਉਂਦੇ ਹਨ ਕਿ–

**ਗੁਰਬਾਣੀ ਗਾਵਹ ਭਾਈ ॥**
**ਓਹ ਸਫਲ ਸਦਾ ਸੁਖਦਾਈ ॥** (ਪੰਨਾ–੬੨੯)

ਬਸ ਗੁਰਬਾਣੀ ਗਾਈ ਚਲੋ। ਇਸ ਦਾ ਗਾਵਣਾ ਹੀ ਸਫਲ ਹੈ। ਗੁਰਬਾਣੀ ਗਾਈ ਹੋਈ ਹੀ ਸਦਾ ਸੁਖਦਾਈ ਹੈ। ਗੁਰਬਾਣੀ ਪਾਰਸ ਰੂਪ ਹੈ। ਗੁਰਬਾਣੀ ਅੰਦਰ ਅੰਮ੍ਰਿਤ ਕਲਾ ਹੈ, ਜਿਸ ਦੇ ਪਰਸਿਆਂ ਹੀ ਪਰਸਨਹਾਰਾ ਸਫਲ-ਜਨੰਮਾ ਹੋ ਜਾਂਦਾ ਹੈ। ਇਸ ਨੂੰ ਬਾਰੰਬਾਰ ਪੜ੍ਹਨ ਗਾਵਣ ਸੁਣਨਹਾਰਾ ਪਵਿਤ੍ਰ ਪਾਵਨ ਹੋ ਜਾਂਦਾ ਹੈ।

**" ਸੁਣਤੇ ਪੁਨੀਤ ਕਹਤੇ ਪਵਿਤੁ. . . . . "**
**"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥"**

ਅਨੇਕਾਂ ਗੁਰਵਾਕ ਰੂਪੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਮਉਜੂਦ ਹਨ, ਜਿਨ੍ਹਾਂ ਤੋਂ ਸਪੱਸ਼ਟ ਸਿੱਧ ਹੁੰਦਾ ਹੈ ਕਿ ਗੁਰਬਾਣੀ ਦਾ ਮਹਿਜ਼ ਪੜ੍ਹਨਾ ਸੁਣਨਾ ਹੀ ਸੁਖਦਾਇਕ ਹੈ, ਗੁਣਕਾਰੀ ਹੈ। ਏਸੇ ਪ੍ਰਕਾਰ ਅਜਿਹੇ ਅਣਗਿਣਤ ਗੁਰਵਾਕ ਭੀ ਹਨ, ਜਿਨ੍ਹਾਂ ਤੋਂ ਨਾਮ ਦਾ ਜਪਣਾ ਰਸਨਾ ਤੇ ਮੁਖ ਕਰਕੇ (ਭਾਵੇਂ ਨੀਵੀ, ਭਾਵੇਂ ਉੱਚੀ ਸੁਰ ਨਾਲ) ਪਾਰਸ ਕਲਾ ਵਰਤਾਵਣਹਾਰਾ ਹੈ। ਨਾਮ ਦੀ ਪਾਰਸ-ਕਲਾ ਮਈ ਮਹਿਮਾ ਦਾ ਅੰਤਰੀਵ ਭਾਵ ਤਾਂ ਵਿਰਲਿਆਂ ਨੂੰ ਹੀ ਹੈ। ਪਰ ਸਾਰਿਆਂ ਨੂੰ ਇਸ ਭੇਦ ਦਾ ਪਤਾ ਨਾ ਹੋਣਾ ਇਸ ਗੱਲ ਦਾ ਸਬੂਤ ਨਹੀਂ ਕਿ ਨਾਮ ਜਪਣ ਅੰਦਰ ਪਾਰਸ ਕਲਾ ਹੀ ਨਹੀਂ। ਸੁਆਸਾਂ ਅਤੇ ਸੁਰਤੀ ਨਾਲ ਨਾਮ ਜਪਣ ਦੀ ਗਿਆਤ ਤਾਂ ਬਹੁਤਿਆਂ ਹੀ ਥੋੜ੍ਹਿਆਂ ਅਤੇ ਵਿਰਲਿਆਂ ਨੂੰ ਹੈ। ਇਸ ਗੁਰਮਤਿ ਅੰਤਰੀਵ ਭੇਦ ਤੋਂ ਅਗਿਆਤ ਬਹੁਤ ਸਾਰੇ ਅਗਿਆਨੀ ਜਨ ਐਸੇ ਭੀ ਹਨ ਜੋ ਸੁਆਸਾਂ ਦੁਆਰਾ ਨਾਮ ਜਪਣ ਵਾਲਿਆਂ ਨੂੰ ਦੇਖ ਕੇ ਹੈਰਾਨ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਇਹ ਪਾਖੰਡ ਕਰਦੇ ਹਨ। ਬਲਕਿ ਐਥੋਂ ਤਾਈ ਫ਼ਤਵਾ ਦੇਣ ਦੀ ਹਮਾਕਤ ਕਰਦੇ ਹਨ ਕਿ ਇਹ ਸੁਾਸਾਂ ਵਾਲਾ ਸਿਲਸਿਲਾ ਹੀ ਮਨਮਤਿ ਹੈ। ਮਾਨੋ ਉਹ ਆਪਣੇ ਆਪ ਨੂੰ ਗੁਰਮਤਿ ਦੇ ਠੇਕੇਦਾਰ ਸਮਝੀ ਬੈਠੇ ਹਨ। ਨਾਮ ਦੇ ਸੁਆਸਿ ਅਭਿਆਸੀਆਂ ਨੂੰ ਦੇਖ ਸੁਣ ਕੇ ਉਹ ਕਹਿੰਦੇ ਹਨ ਕਿ ਏਹਨਾਂ ਨੇ ਨਵਾਂ ਰਾਹ ਚਲਾਇਆ ਹੈ। ਗੁਰਮਤਿ ਦੀ ਤੱਤ ਖੋਜ ਤੋਂ ਤਾਂ ਉਹ ਖੁਦ ਅਗਿਆਤ (ਅਗਿਆਨੀ) ਹਨ, ਤੱਤ ਗੁਰਮਤਿ ਤੇ ਚਲਣਹਾਰਿਆਂ ਦੀ ਹੁਕਮ ਰਜਾਈ ਕਿਰਿਆ ਨੂੰ ਓਹ ਮਨਮਤਿ ਕਹਿ ਕਹਿ ਕੋਸਦੇ ਹਨ। ਏਦੂੰ ਜ਼ਿਆਦਾ ਨਿੰਦਾ ਹੋਰ ਕੀ ਹੋ ਸਕਦੀ ਹੈ ? ਆਨਮਤੀ ਨਿੰਦਾ ਕਰਨ ਤਾਂ ਕੋਈ ਵੱਡੀ ਗੱਲ ਨਹੀਂ, ਸਿੱਖ ਹੋ ਕੇ ਜੋ ਇਸ ਪ੍ਰਕਾਰ ਨਿੰਦਾ ਕਰਦੇ ਫਿਰਦੇ ਹਨ, ਉਹਨਾਂ ਨੂੰ ਢੋਈ ਕਿਥੇ ਮਿਲਣੀ ਹੈ ?

ਅੰਮ੍ਰਿਤ ਸੰਚਾਰ ਸਮੇਂ, ਅਰਥਾਤ ਅੰਮ੍ਰਿਤ ਛਕਾਉਣ ਦੇ ਗੁਰਮਤਿ ਸੰਸਕਾਰ ਸਮੇਂ ਪੰਜ ਪਿਆਰਿਆਂ ਦੁਆਰਾ ਜੋ ਗੁਰਮਤਿ ਨਾਮ, ਅੰਮ੍ਰਿਤ ਛਕਣਹਾਰਿਆਂ ਨੂੰ ਦ੍ਰਿੜਾਇਆ ਜਾਂਦਾ ਹੈ, ਉਸ ਅੰਮ੍ਰਿਤ ਰਸਾਇਣੀ ਨਾਮ ਪਰਵੇਸ਼ ਕਰਨ ਦੀ ਆਕਰਖਣ ਕਲਾ ਤੋਂ ਭੀ ਅਨੇਕਾਂ ਸੋ ਕਾਲਡ ( so called) ਸਿਖ ਕੋਰੇ ਅਗਿਆਤ ਹਨ। ਉਸ ਨਾਮ ਪਰਵੇਸ਼ਨੀ ਗੁਰਮਤਿ ਜੁਗਤੀ ਨੂੰ (ਜੋ ਕਿ ਸੀਨਾ ਬਸੀਨਾ ਗੁਰੂ ਕਲਗੀਧਰ ਦੇ ਸਮੇਂ ਗੁਰੂ ਪੰਥ ਦੇ ਚੁਣਕੱਢੇ ਲਧੋਵਾਰਿਆਂ ਪੰਜ ਪਿਆਰਿਆਂ ਅੰਦਰ ਚਲੀ ਆਉਂਦੀ ਹੈ) ਭੀ ਮੂੰਹ ਫਟ ਸੋ ਕਾਲਡ ਖੁਸ਼ਕ ਗਿਆਨੀ ਮਨਮਤਿ, ਬਲਕਿ ਮਹਾਂ ਮਨਮਤਿ ਕਹਿ ਕੇ ਨਿੰਦਦੇ ਹਨ। ਇਹ ਉਹਨਾਂ ਦੇ ਅਭਾਗ ਹਨ, ਮਹਾਂ ਅਭਾਗ ਹੀ ਹਨ। ਹੋਰ ਕੀ ਹੋ ਸਕਦਾ ਹੈ ?

(ਪੁਸਤਕ 'ਸੰਤ ਪਦ ਨਿਰਣੈ, ਵਿਚੋਂ)


www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੩੨)

**ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ,**
**ਕਾਮ ਚੇਸਟਾ ਸੰਜੋਗ, ਜਤ ਸਤਵੰਤ ਹੈ ॥**
**ਕ੍ਰੋਧ ਬਿਰੋਧ ਬਿਧੈ, ਸਹਿਜ ਸੰਤੋਖ ਮੋਖ,**
**ਲੋਭ ਲਹਿਰੰਤਰ, ਧਰਮ ਧੀਰ ਜੰਤ ਹੈ ॥**
**ਮਾਇਆ ਮੋਹ ਦ੍ਰੋਹ ਕੈ, ਅਰਥ ਪ੍ਰਮਾਰਥ ਸੈ,**
**ਅਹੰਮੇਵ ਦੇਵ, ਦਇਆ ਦ੍ਰਵੀਭੂਤ ਸੰਤ ਹੈ ॥**
**ਦੁਕ੍ਰਿਤ ਸੁਕ੍ਰਿਤ ਚਿਤ, ਮਿਤ੍ਰ ਸਤ੍ਰਤਾ ਸੁਭਾਵ,**
**ਪਰਉਪਕਾਰ ਅਉ ਬਿਕਾਰ ਮੂਲ ਮੰਤ ਹੈ ॥੧੭੭॥**

**ਪਦ ਅਰਥ** : ਦੁਰਮਤਿ-ਖੋਟੀ ਮਤਿ । ਗੁਰਮਤਿ ਸਤਿਗੁਰੂ ਦੀ ਦ੍ਰਿੜ੍ਹਾਈ ਮਤਿ । ਅਸਾਧ- ਖੋਟਾ ਮਨੁੱਖ, ਮਨਮੁਖ। ਸਾਧ- ਸਾਧੂ ਸੁਭਾ ਮਨੁੱਖ, ਗੁਰਮੁਖ। ਕਾਮ ਚ੍ਰੇਸਟਾ-ਕਾਮ ਕੀ ਵਾਸ਼ਨਾ । ਸੰਯੋਗ-ਮੇਲ, ਸੰਬੰਧ । ਸਤ-ਬ੍ਰਹਮਚਰਜ, ਸੁੱਚਾ ਆਚਰਨ । ਸਤਵੰਤ-ਸੱਚ ਧਾਰਨ ਵਾਲਾ। ਬਿਰੋਧ ਬਿਖੈ-ਵੈਰ ਵਿਰੋਧ ਵਿਚ । ਮੋਖ-ਮੁਕਤੀ । ਲਹਿਰੰਤਰ-ਲਹਿਰਾਂ ਵਿਚ । ਧੀਰ-ਧੀਰਜ । ਜੰਤ-ਜੀਵ, ਮਨੁੱਖ । ਦ੍ਰੋਹ-ਧ੍ਰੋਹ, ਧੋਖਾ। ਅਰਥ-ਆਸਰੇ, ਪ੍ਰਯੋਜਨ। ਪ੍ਰਮਾਰਥ- ਆਤਮ-ਵਿਦਿਆ। ਅਹੰਮੇਵ-ਹੰਕਾਰ । ਦੇਵ-ਬਾਣ, ਸੁਭਾਵ। ਦ੍ਰਵੀਭੂਤ- ਨਿਮਰਤਾ ਵਾਲਾ ਸੁਭਾਅ । ਸੰਤ-ਉੱਤਮ ਪੁਰਖ । ਦੁਕ੍ਰਿਤ-ਖੋਟੇ ਕਰਮ । ਸੁਕ੍ਰਿਤ-ਚੰਗੇ ਕਰਮ । ਸਤ੍ਰਤਾ-ਵੈਰ ਭਾਵਨਾ । ਅਉ-ਅਤੇ । ਬਿਕਾਰ-ਵਿਕਾਰ, ਪਾਪ । ਮੂਲ ਮੰਤ-ਮੂਲ ਮੁੱਦਾ, ਮੁੱਖ ਉਦੇਸ਼ ।

**ਅਰਥ** : ਖੋਟੀ ਮਤਿ ਦੇ ਕਾਰਨ ਮਨਮੁਖਾਂ ਦੀ ਸੰਗਤ ਵਿਚ ਕਾਮ ਦੀ ਵਾਸ਼ਨਾ ਦਾ ਸੰਯੋਗ ਬਣਦਾ ਹੈ, ਪਰ ਸਤਿਗੁਰੂ ਦੀ ਮਤਿ ਧਾਰਨ ਕੀਤਿਆਂ ਗੁਰਮੁਖ ਸਾਧੂ ਪੁਰਖਾਂ ਦੀ ਸੰਗਤ ਵਿਚ ਜਤ ਸਤ ਦੇ ਧਾਰਨੀ ਹੋਈਦਾ ਹੈ ।

(ਖੋਟੀ ਮਤਿ ਕਾਰਨ) ਕ੍ਰੋਧ ਅਧੀਨ ਵੈਰ-ਵਿਰੋਧ ਅਤੇ ਲੋਭ ਦੀਆਂ ਲਹਿਰਾਂ ਵਿਚ ਮਨੁੱਖ ਫਸਦਾ ਹੈ, ਪਰ (ਸਤਿਗੁਰੂ ਦੀ ਮਤਿ ਲਿਆਂ) ਸਹਜ ਸੰਤੋਖ, ਮੁਕਤੀ ਧਰਮ ਤੇ ਧੀਰਜ ਨੂੰ ਪ੍ਰਾਪਤ ਕਰਦਾ ਹੈ ।

(ਖੋਟੀ ਮੱਤ ਦੇ ਕਾਰਨ) ਮਾਇਆ ਮੋਹ ਵਿਆਪਦਾ ਹੈ ਅਤੇ ਧੋਖੇ ਫ਼ਰੇਬ ਅਤੇ ਹੰਕਾਰੀ ਸੁਭਾਵ ਵਾਲੇ ਹੋਈਦਾ ਹੈ, ਪਰ (ਸਤਿਗੁਰੂ ਦੀ ਮਤਿ ਦ੍ਰਿੜ ਕੀਤਿਆਂ) ਪ੍ਰਮਾਰਥ ਦੇ ਆਸਰੇ ਦਇਆ ਤੇ ਨਿਮਰ ਸੁਭਾਵ ਵਾਲੇ ਸੰਤ ਬਣੀਦਾ ਹੈ ।

(ਖੋਟੀ ਮਤਿ ਵਾਲੇ ਦਾ) ਚਿਤ ਖੋਟੇ ਕਰਮਾਂ ਵਿਚ ਖਚਿਤ ਰਹਿੰਦਾ ਹੈ ਅਤੇ ਵੈਰ ਭਾਵਨਾਂ ਵਾਲਾ ਹੁੰਦਾ ਹੈ, ਪਰ ਗੁਰਮਤਿ ਧਾਰਨੀ ਦਾ ਚਿਤ ਸ਼ੁਭ ਕਰਮਾਂ ਅਤੇ ਮਿੱਤਰ ਭਾਵਨਾ ਵਾਲਾ ਹੁੰਦਾ ਹੈ । ਗੁਰਮਤਿ ਧਾਰਨੀ ਦਾ ਜੀਵਨ ਉਦੇਸ਼ ਪਰਉਪਕਾਰ ਹੈ, ਜਦਕਿ ਖੋਟੀ ਮਤਿ ਵਾਲੇ ਦਾ ਉਦੇਸ਼ ਵਿਸ਼ੇ ਵਿਕਾਰਾਂ ਅਤੇ ਪਾਪ-ਕਰਮਾਂ ਵਿਚ ਖਚਿਤ ਹੋਣਾ ਹੈ ॥੨੭੭॥

**ਸਤਿਗੁਰ ਸਿਖ ਰਿਦੈ, ਪ੍ਰਥਮ ਕ੍ਰਿਪਾ ਕੈ ਬਸੈ,**
**ਤਾ ਪਾਛੈ ਕਰਤ ਆਗਿਆ ਮਇਆ ਕੈ ਮਨਾਵਈ ॥**
**ਆਗਿਆ ਮਾਨ ਗਿਆਨ ਗੁਰ ਪਰਮ ਨਿਧਾਨ ਦਾਨ,**
**ਗੁਰਮੁਖਿ ਸੁਖ ਫਲ ਨਿਜ ਪਦ ਪਾਵਈ ॥**
**ਨਾਮ ਨਿਹਕਾਮ ਧਾਮ ਸਹਜ ਸਮਾਧਿ ਲਿਵ,**
**ਅਗਮ ਅਗਾਧ ਕਥਾ ਕਹਤ ਨ ਆਵਈ ॥**
**ਜੈਸੋ ਜੈਸੋ ਭਾਉ ਕਰਿ ਪੂਜਤ ਪਦਾਰਬਿੰਦ,**
**ਸਕਲ ਸੰਸਾਰ ਕੈ ਮਨੋਰਥ ਪੁਜਾਵਈ ॥੧੭੮॥**

**ਪਦ ਅਰਥ**: ਰਿਦੈ-ਹਿਰਦੇ ਵਿਚ। ਪ੍ਰਥਮ-ਪਹਿਲਾਂ। ਆਗਿਆ-ਹੁਕਮ । ਮਇਆ-ਕਿਰਪਾ । ਗਿਆਨ ਗੁਰ-ਗੁਰੂ ਦਾ ਗਿਆਨ, ਗੁਰ ਉਪਦੇਸ਼, ਨਾਮ-ਸਿਮਰਨ। ਪਰਮ ਨਿਧਾਨ-ਵੱਡਾ ਖ਼ਜ਼ਾਨਾ । ਦਾਨ-ਬਖ਼ਸ਼ਸ਼ । ਸੁਖ ਫਲ-ਆਤਮ-ਸੁੱਖ ਦੀ ਪ੍ਰਾਪਤੀ। ਨਿਜ ਪਦ-ਆਤਮ ਪਦ, ਤੁਰੀਆਪਦ । ਨਿਹਕਾਮ ਧਾਮ-ਨਿਸ਼ਕਾਮਤਾ ਦਾ ਘਰ । ਸਹਜ ਸਮਾਧਿ-ਸਮਾਧੀ ਦੀ ਉਹ ਅਵਸਥਾ ਜਿਸ ਵਿਚ ਸਹਜ (ਸ਼ਾਂਤੀ) ਹੋਵੇ, ਇਕ ਰਸ ਟਿਕਾਅ ਹੋਵੇ । ਲਿਵ-ਇਕਾਗਰਤਾ ਵਾਲੀ ਬ੍ਰਿਤੀ । ਅਗਮ-ਅਪਹੁੰਚ । ਅਗਾਧ-ਅਥਾਹ, ਜਿਸ ਦਾ ਥੱਲਾ ਨਾ ਪਤਾ ਲਗੇ । ਭਾਉ-ਪ੍ਰੇਮ, ਭਾਵਨਾ । ਪਦਾਰਬਿੰਦ—ਪਦ ਅਰਬਿੰਦ, ਕੌਲ ਫੁੱਲ ਵਰਗੇ ਚਰਨ । ਮਨੋਰਥ-ਇੱਛਾ, ਸੰਕਲਪ, ਵਾਸ਼ਨਾ ।

**ਅਰਥ** : ਸਤਿਗੁਰੂ ਪਹਿਲਾਂ ਕਿਰਪਾ ਕਰ ਕੇ ਸਿੱਖ ਦੇ ਹਿਰਦੇ ਵਿਚ ਵਸਦਾ ਹੈ, ਉਸ ਵਿਚੋਂ ਸਿੱਖ ਨੂੰ (ਨਾਮ ਸਿਮਰਨ ਦਾ) ਹੁਕਮ ਕਰਦਾ ਹੈ ਅਤੇ ਫਿਰ ਆਪ ਹੀ ਕਿਰਪਾ ਕਰ ਕੇ ਸਿੱਖ ਤੋਂ ਹੁਕਮ ਮਨਾਂਦਾ ਹੈ ।

(ਸਤਿਗੁਰੂ ਦਾ) ਹੁਕਮ ਮੰਨ ਕੇ, ਸਤਿਗੁਰੂ ਦੇ ਬਖਸ਼ੇ ਪਰਮ ਖ਼ਜਾਨੇ ਨਾਮ ਸਿਮਰਨ ਦੀ ਕਮਾਈ ਕਰ ਕੇ ਗੁਰਮੁਖਿ ਜਨ, ਆਤਮਕ ਸੁਖ ਫਲ ਅਤੇ ਤੁਰੀਆ ਅਵਸਥਾ ਨੂੰ ਪ੍ਰਾਪਤ ਕਰਦਾ ਹੈ ।

(ਤੁਰੀਆ ਅਵਸਥਾ ਨੂੰ ਪ੍ਰਾਪਤ ਹੋਇਆਂ) ਉਹ ਨਾਮ ਪ੍ਰਾਪਤ ਹੁੰਦਾ ਹੈ ਜੋ ਨਿਸ਼ਕਾਮਤਾ ਦਾ ਘਰ ਹੈ । (ਇਸ ਨਾਮ ਦੇ ਪ੍ਰਾਪਤ ਹੋਇਆਂ) ਸਹਜ ਸਮਾਧੀ ਵਿੱਚ ਲਿਵ ਲਗ ਜਾਂਦੀ ਹੈ । ਇਸ ਅਵਸਥਾ ਵਿੱਚ ਕਥਾ, ਕਥਨ ਤੋਂ ਪਰ੍ਹੇ ਅਤੇ ਬਹੁਤ ਡੂੰਘੀ ਹੈ, ਦੱਸੀ ਨਹੀਂ ਜਾ ਸਕਦੀ ।


www.AKJ.Org

ਜਿਸ ਜਿਸ ਭਾਵਨਾ ਨਾਲ ਕੋਈ ਸਤਿਗੁਰੂ ਦੇ ਚਰਨ ਕਮਲਾਂ ਨੂੰ ਪੂਜਦਾ ਹੈ, (ਸਤਿਗੁਰੂ ਉਸ ਦੀ ਭਾਵਨਾ ਅਨੁਸਾਰ) ਸੰਸਾਰ ਦੇ ਸਾਰੇ ਮਨੋਰਥ ਪੂਰੇ ਕਰ ਦੇਂਦਾ ਹੈ ।੧੭੮।

**ਜੈਸੇ ਪ੍ਰਿਆ ਭੇਟਤ ਅਧਾਨ ਨਿਰਮਾਨ ਹੋਤ,**
**ਬਾਂਛਤ ਬਿਧਾਨ ਖਾਨ ਪਾਨ ਅਗ੍ਰਭਾਗਿ ਹੈ ॥**
**ਜਨਮਤ ਸੁਤ ਖਾਨ ਪਾਨ ਕੋ ਸੰਜਮੁ ਕਰੈ,**
**ਸੁਤ ਹਿਤ ਰਸ ਕਸ ਸਗਲ ਤਿਆਗਿ ਹੈ ॥**
**ਤੈਸੇ ਗੁਰ ਚਰਨ ਸਰਨਿ ਕਾਮਨਾ ਪੁਜਾਇ,**
**ਨਾਮ ਨਿਹਕਾਮ ਧਾਮ, ਅਨਤ ਨ ਲਾਗਿ ਹੈ ॥**
**ਨਿਸਿ ਅੰਧਕਾਰ ਭਵ ਸਾਗਰ ਸੰਸਾਰ ਬਿਖੈ,**
**ਪੰਚ ਤਸਕਰ ਜੀਤਿ ਸਿਖ ਹੀ ਸੁਜਾਗਿ ਹੈ ॥੧੭੯॥**

**ਪਦ ਅਰਥ** : ਪ੍ਰਿਆ ਭੇਟਤ-ਪਤੀ-ਮਿਲਾਪ । ਅਧਾਨ-ਗਰਭ । ਨਿਰਮਾਨ-ਨਿਮਰਤਾ, ਗਰੀਬੀ। ਬਾਂਛਤ-ਮਨ ਭਾਉਂਦੇ । ਬਿਧਾਨ-ਬਿਧੀ ਅਨੁਸਾਰ, ਨਿਯਮ ਅਨੁਸਾਰ । ਅਗ੍ਰਭਾਗਿ-ਮੂਹਰਲਾ ਹਿੱਸਾ, ਸਾਹਮਣੇ । ਜਨਮਤ-ਜਨਮ ਲੈਣ ਤੇ । ਸੁਤ-ਪੁੱਤਰ । ਸੰਜਮੁ-ਪਰਹੇਜ । ਹਿਤ-ਹੇਤ, ਵਾਸਤੇ । ਸਕਲ-ਸਾਰੇ । ਨਾਮ ਨਿਹਕਾਮ ਧਾਮ-ਨਾਮ ਜੋ ਨਿਸ਼ਕਾਮਤਾ ਦਾ ਘਰ ਹੈ ।ਅਨਤ-ਹੋਰ । ਨਿਸਿ ਅੰਧਕਾਰ-ਅੰਧੇਰੀ ਰਾਤ । ਭਵ ਸਾਗਰ ਸੰਸਾਰ-ਡਰਾਉਣਾ ਸੰਸਾਰ, ਸਮੁੰਦਰ। ਬਿਖੈ-ਵਿਚ । ਪੰਚ ਤਸਕਰ-ਪੰਜ ਚੋਰ, ਕਾਮ-ਕ੍ਰੋਧ ਲੋਭ, ਮੋਹ, ਹੰਕਾਰ । ਜੀਤਿ-ਜਿੱਤਦਾ ਹੈ । ਸੁਜਾਗਿ-ਸਾਵਧਾਨ ਹੋ ਕੇ ।

**ਅਰਥ** : ਜਿਵੇਂ ਪਤਨੀ ਨਿਮਰਭਾਵ ਵਿਚ ਪਤੀ ਨੂੰ ਮਿਲਦੀ ਹੈ, (ਆਪਣਾ ਆਪ ਪਤੀ ਨੂੰ ਅਰਪਣ ਕਰਦੀ ਹੈ ਤਾਂ ਉਹ) ਗਰਭਵਤੀ ਹੁੰਦੀ ਹੈ । ਪਤੀ ਉਸ ਦੇ ਅੱਗੇ ਖਾਣ ਪੀਣ ਲਈ ਮਨ ਭਾਉਂਦੇ ਪਦਾਰਥ, ਵਿਧੀ ਅਨੁਸਾਰ ਲਿਆ ਰਖਦਾ ਹੈ ।

ਪਰ ਪੁੱਤਰ ਜੰਮਣ ਤੇ ਉਹ ਖਾਣ ਪੀਣ ਦਾ ਪਰਹੇਜ਼ ਕਰਦੀ ਹੈ ਅਤੇ ਪੁੱਤਰ ਦੀ ਖ਼ਾਤਰ ਸਾਰੇ ਰਸਾਂ ਕਸਾਂ ਨੂੰ ਤਿਆਗ ਦੇਂਦੀ ਹੈ ।

(ਤਿਵੇਂ ਨਿਮਰਤਾ ਤੇ ਪੂਰਨ ਸ਼ਰਧਾ ਭਾਵਨੀ ਸਹਿਤ) ਸਤਿਗੁਰੂ ਦੀ ਚਰਨ ਸ਼ਰਨ ਲਿਆਂ (ਗੁਰਸਿੱਖ ਦੀ) ਮਨੋ ਕਾਮਨਾ ਪੂਰੀ ਹੁੰਦੀ ਹੈ । (ਸਤਿਗੁਰੂ ਉਸ ਨੂੰ) ਨਾਮ ਬਖ਼ਸ਼ਦਾ ਹੈ, ਨਾਮ, ਜੋ ਕਿ ਨਿਸ਼ਕਾਮਤਾ ਦਾ ਘਰ ਹੈ, (ਜਿਸ ਦੇ ਮਿਲਿਆਂ ਹੋਰ ਕੋਈ ਕਾਮਨਾ ਨਹੀਂ ਰਹਿੰਦੀ) ਫਿਰ ਉਹ ਹੋਰ ਕਿਸੇ ਕਰਮ ਕਾਂਡ ਵਿਚ ਨਹੀਂ ਲਗਦਾ ।

ਸੰਸਾਰ ਸਮੁੰਦਰ ਜੋ ਕਾਲੀ ਬੋਲੀ ਹਨੇਰੀ ਰਾਤ ਵਾਂਗ ਡਰਾਉਣਾ ਹੈ, ਉਸ ਵਿਚ (ਨਾਮ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨ ਵਾਲਾ) ਗੁਰਸਿੱਖ ਹੀ ਸਾਵਧਾਨਤਾ ਸਹਿਤ (ਵਿਚਰਦਾ) ਪੰਜਾਂ ਕਾਮ ਕ੍ਰੋਧ ਆਦਿਕ ਚੋਰਾਂ ਨੂੰ ਜਿੱਤਦਾ ਹੈ ।੧੭੯।

**ਸਤਿਗੁਰ ਆਗਿਆ ਪ੍ਰਤਿਪਾਲਕ ਬਾਲਕ ਸਿਖ,**
**ਚਰਨ ਕਮਲ ਰਜ ਮਹਿਮਾ ਅਪਾਰ ਹੈ ॥**
**ਸਿਵ ਸਨਕਾਦਿਕ ਬ੍ਰਹਮਾਦਿਕ ਨ ਗੰਮਿਤਾ ਹੈ,**
**ਨਿਗਮ ਸੇਖਾਦਿ ਨੇਤਿ ਨੇਤਿ ਕੈ ਉਚਾਰ ਹੈ ॥**
**ਚਤੁਰ ਪਦਾਰਥ ਤ੍ਰਿਕਾਲ ਤ੍ਰਿਭਵਨ ਚਾਹੈ,**
**ਜੋਗ ਭੋਗ ਸੁਰਸਰਿ ਸਰਧਾ ਸੰਸਾਰ ਹੈ ॥**
**ਪੂਜਨ ਕੇ ਪੂਜ ਅਰੁ ਪਾਵਨ ਪਵਿੱਤ੍ਰ ਕਰੈ,**
**ਅਕਥ ਕਥਾ ਬੀਚਾਰ ਬਿਮਲ ਬਿਥਾਰ ਹੈ ॥੧੮੦॥**

(ਪੰਨਾ-੭)

**ਪਦ ਅਰਥ** : ਆਗਿਆ-ਹੁਕਮ (ਏਕੋ ਨਾਮ ਹੁਕਮ ਹੈ। ) ਪ੍ਰਤਿਪਾਲਕ-ਪਾਲਣਾ ਕਰਨ ਵਾਲਾ, ਮੰਨਣ ਵਾਲਾ । ਬਾਲਕ ਸਿਖ-ਬਾਲਕ ਸੁਭਾਅ ਸਿੱਖ । ਰਜ-ਧੂੜੀ। ਸਨਕਾਦਿਕ-ਬ੍ਰਹਮਾ ਦੇ ਚਾਰ ਪੁੱਤਰ : ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ । ਬ੍ਰਹਮਾਦਿਕ-ਬ੍ਰਹਮਾ ਆਦਿਕ ਤਿੰਨ ਦੇਵਤੇ : ਬ੍ਰਹਮਾ, ਵਿਸ਼ਨੂ ਤੇ, ਸ਼ਿਵ । ਗੰਮਿਤਾ-ਪਹੁੰਚ, ਰਸਾਈ। ਨਿਗਮ-ਵੇਦ । ਸੇਖਾਦਿ-ਸ਼ੇਸ਼ਨਾਗ ਆਦਿਕ । ਨੇਤਿ ਨੇਤਿ-ਨਾ ਇਤੀ ਨਾ ਇਤੀ, ਨਹੀਂ ਹੈ ਇਸ ਜਿਹਾ, ਬੇਅੰਤ । ਚਤੁਰ-ਚਾਰੇ । ਤ੍ਰਿਕਾਲ-ਤਿੰਨੇ ਕਾਲ : ਭੂਤ, ਵਰਤਮਾਨ ਤੇ ਭਵਿਖਤ । ਤ੍ਰਿਭਵਨ-ਤਿੰਨੇ ਭਵਨ : ਧਰਤੀ, ਪਤਾਲ ਤੇ ਅਕਾਸ਼ । ਚਾਹੈ-ਲੋਚਦਾ ਹੈ । ਜੋਗ - ਭੋਗ-ਜੋਗੀ ਤੇ ਗ੍ਰਿਹਸਤੀ । ਸੁਰਸਰਿ-ਦੇਵਤਿਆਂ ਦੀ ਨਦੀ ਗੰਗਾ । ਪੂਜਨ ਕੇ -ਪੂਜਨੀਕ ਪੁਰਖਾਂ ਲਈ । ਪਾਵਨ-ਪਵਿੱਤਰ । ਅਕਥ-ਬਿਆਨ ਕਰਨ ਤੋਂ ਬਾਹਰੀ । ਬਿਮਲ ਬਿਥਾਰ-ਨਿਰਮਲ ਵਿਸਥਾਰ ।

**ਅਰਥ** : ਜਿਹੜਾ ਸਿੱਖ ਭੋਲਾ ਭਾਲਾ ਬਾਲਕ ਹੋ ਕੇ ਸਤਿਗੁਰੂ (ਦ੍ਰਿੜਾਏ ਨਾਮ ਸਿਮਰਨ) ਦੀ ਆਗਿਆ ਦਾ ਪਾਲਨ ਕਰਦਾ ਹੈ, ਉਸ ਦੇ ਚਰਨ ਕਮਲਾਂ ਦੀ ਧੂੜੀ ਦੀ ਮਹਿਮਾ ਬੇਅੰਤ ਹੈ ।

ਸ਼ਿਵ ਸਨਕ ਆਦਿਕ ਬ੍ਰਹਮਾ ਦੇ ਚਾਰੇ ਪੁਤਰਾਂ ਅਤੇ ਬ੍ਰਹਮਾ ਆਦਿਕ ਤਿੰਨੇ ਦੇਵਤਿਆਂ ਦੀ ਵੀ ਉਸ ਨਾਮ ਸਿਮਰਨ ਦਾ ਹੁਕਮ ਪਾਲਣ ਵਾਲੇ ਗੁਰਸਿੱਖ ਦੀ ਮਹਿਮਾ ਤੀਕ ਰਸਾਈ ਨਹੀਂ; ਵੇਦ ਅਤੇ ਸ਼ੇਸ਼ਨਾਗ ਆਦਿਕ ਵੀ (ਉਸ ਦੀ ਮਹਿਮਾ ਨੂੰ) ਬੇਅੰਤ, ਬੇਅੰਤ ਆਖ ਕੇ ਪੁਕਾਰਦੇ ਹਨ ।

ਚਾਰੇ ਪਦਾਰਥ ਤਿੰਨੇ ਕਾਲ, ਤ੍ਰਿਭਵਣੀ ਸੰਸਾਰ ਉਸ ਆਗਿਆਕਾਰੀ ਗੁਰਸਿੱਖ ਦੀ ਧੂੜੀ ਨੂੰ ਚੁੰਮਦਾ ਹੈ ਅਤੇ ਜੋਗੀ


www.AKJ.Org

ਗ੍ਰਿਹਸਥੀ ਦੇਵਤਿਆਂ ਦੀ ਨਦੀ, ਗੰਗਾ ਅਤੇ ਸਾਰਾ ਸੰਸਾਰ ਹੀ (ਉਸ ਧੂੜੀ ਲਈ) ਸ਼ਰਧਾ ਰੱਖਦਾ ਹੈ ।

ਸਤਿਗੁਰੂ ਬਖਸ਼ੇ ਨਾਮ ਸਿਮਰਨ ਦਾ ਹੁਕਮ ਮੰਨਣ ਵਾਲੇ ਗੁਰਸਿੱਖ ਦੀ ਧੂੜੀ, ਪੂਜਨੀਕ ਮੰਨੇ ਜਾਂਦੇ ਪੁਰਖਾਂ ਲਈ ਵੀ ਪੂਜਨੀਕ ਤੇ ਪਵਿੱਤਰ ਕਰਨ ਵਾਲੀ ਹੈ । ਉਸ ਦਾ ਬਿਆਨ ਕਥਨ ਤੋਂ ਬਾਹਰ ਹੈ ਅਤੇ ਉਸ ਦਾ ਵੀਚਾਰ ਨਿਰਮਲ ਵਿਸਥਾਰ ਵਾਲਾ ਹੈ ।੧੮੦।

**ਗੁਰਮੁਖਿ ਸੁਖ ਫਲ ਚਾਖਤ ਭਈ ਉਲਟੀ,**
**ਤਨ ਸਨਾਤਨ ਮਨ ਉਨਮਨ ਮਾਨੇ ਹੈ ।।**
**ਦੁਰਮਤਿ ਉਲਟਿ ਭਈ ਹੈ ਗੁਰਮਤਿ ਰਿਦੈ,**
**ਦੁਰਜਨ ਸੁਰਜਨ ਕਰਿ ਪਹਿਚਾਨੇ ਹੈ ।।**
**ਸੰਸਾਰੀ ਸੈ ਉਲਟਿ ਪਲਟਿ ਨਿਰੰਕਾਰੀ ਭਏ,**
**ਬਗ ਬੰਸ ਹੰਸ ਭਏ ਸਤਿਗੁਰ ਗਿਆਨੇ ਹੈ ।।**
**ਕਾਰਨ ਅਧੀਨ ਦੀਨ, ਕਾਰਨ ਕਰਨ ਭਏ,**
**ਹਰਨ ਭਰਨ ਭੇਦ ਅਲਖ ਲਖਾਨੇ ਹੈ ।।੧੮੧।।**

**ਪਦ ਅਰਥ** : ਗੁਰਮੁਖਿ-ਹੁਕਮ ਦੀ ਕਾਰ ਕਮਾਉਣ ਵਾਲਾ ਗੁਰਸਿੱਖ । ਗੁਰਸਿਖ ਸੁਖ ਫਲ-ਸਤਿਗੁਰੂ ਦਾ ਬਖਸ਼ਿਆ ਅਨੰਦੀ ਨਾਮ-ਅੰਮ੍ਰਿਤ ਰਸ । ਭਈ ਉਲਟੀ-ਉਲਟ (ਪਰਤ) ਜਾਂਦੀ ਹੈ । ਸਨਾਤਨ-ਪ੍ਰਾਚੀਨ ਕਾਲ ਤੋਂ, ਆਦਿ ਤੋਂ । ਉਨਮਨ-ਸ਼ਾਂਤ ਅਵਸਥਾ । ਰਿਦੈ-ਹਿਰਦੇ ਵਿਚ। ਦੁਰਜਨ-ਖੋਟਾ ਪੁਰਖ, ਮਨਮੁਖ । ਸੁਰਜਨ-ਦੈਵੀ ਸੁਭਾਵ ਸ਼੍ਰੇਸ਼ਟ ਪੁਰਖ, ਗੁਰਮੁਖਿ । ਪਹਿਚਾਨੇ ਹੈ-ਜਾਣੇ ਜਾਂਦੇ ਹਨ । ਸੰਸਾਰੀ-ਮਾਇਆ ਗ੍ਰਸਿਆ ਜੀਵ । ਸੈ-ਤੋਂ । ਨਿਰੰਕਾਰੀ-ਨਿਰਕਾਰ ਵਾਲਾ । ਬਗ ਬੰਸ-ਬਗਲਿਆਂ ਦੀ ਕੁਲ । ਹੰਸ-ਹੰਸ (ਉੱਤਮ ਪੁਰਖ) । ਸਤਿਗੁਰ ਗਿਆਨੇ-ਗੁਰੂ ਗਿਆਨ, ਨਾਮ-ਸਿਮਰਨ । ਕਾਰਨ ਅਧੀਨ-ਦੁਨਿਆਵੀ ਕਾਰਨਾਂ ਦੇ ਅਧੀਨ। ਦੀਨ-ਦੱਬਿਆ ਹੋਇਆ। ਕਾਰਨ ਕਰਨ-ਕਾਰਨਾਂ ਦਾ ਕਰਨਹਾਰ ਮਾਲਕ । ਹਰਨ-ਮਾਰਨ ਵਾਲਾ । ਭਰਨ-ਪਾਲਣ ਵਾਲਾ । ਅਲੱਖ-ਨਾ ਜਾਣਿਆ ਜਾ ਸਕਣ ਵਾਲਾ ਵਾਹਿਗੁਰੂ । ਲਖਾਨੇ ਹੈ-ਜਾਣ ਲੈਂਦੇ ਹਨ ।

**ਅਰਥ** : ਸਤਿਗੁਰ ਬਖਸ਼ਿਆ ਅਨੰਦ-ਦਾਇਕ ਨਾਮ ਅੰਮ੍ਰਿਤ ਰਸ ਚਖਣ ਨਾਲ, ਹੁਕਮ ਦੀ ਕਾਰ ਕਮਾਉਣ ਵਾਲੇ ਗੁਰਸਿੱਖਾਂ ਦੀ ਬਿਰਤੀ ਦੁਨਿਆਵੀ ਪਦਾਰਥਾਂ ਵਲੋਂ ਪਲਟ ਜਾਂਦੀ ਹੈ ਅਤੇ ਆਦਿ ਅਵਸਥਾ ਵਾਲਾ (ਅਮੋਲ) ਮਨ ਉਨਮਨੀ (ਸ਼ਾਂਤ) ਅਵਸਥਾ ਵਿਚ ਵਿਚਰਨ ਲੱਗ ਪੈਂਦਾ ਹੈ ।

ਖੋਟੀ ਮਤਿ ਉਲਟ ਕੇ ਹਿਰਦੇ ਵਿਚ ਗੁਰਮਤਿ (ਸਤਿਗੁਰੂ ਦ੍ਰਿੜਾਈ ਦੀਖਿਆ) ਆ ਵਸਦੀ ਹੈ ਤੇ ਫਿਰ ਉਹ ਖੋਟੇ ਸੁਭਾਵ ਵਾਲੇ ਪੁਰਖਾਂ ਤੋਂ ਦੈਵੀ ਸੁਭਾਵ ਵਾਲੇ ਸ਼੍ਰੇਸ਼ਟ ਪੁਰਖ ਕਰਕੇ ਜਾਣੇ ਜਾਂਦੇ ਹਨ ।

ਦੁਨੀਆਂ ਦੇ ਝੰਬੇਲਿਆਂ ਤੋਂ ਉਲਟ ਕੇ ਮਾਇਆ ਗ੍ਰਸੇ ਸੰਸਾਰੀ ਜੀਵ (ਸਤਿਗੁਰ ਦੀ ਦੱਸੀ ਕਾਰ ਕਮਾਉਣ ਕਰਕੇ) ਪਰਤ ਕੇ ਨਿਰੰਕਾਰ ਵਾਲੇ ਹੋ ਜਾਂਦੇ ਹਨ ਅਤੇ ਸਤਿਗੁਰੂ ਦੇ ਬਖਸ਼ੇ ਗਿਆਨ (ਨਾਮ ਸਿਮਰਨ) ਸਦਕਾ ਬਗਲੇ ਦੀ ਬੰਸ ਵਾਲੇ ਤੋਂ ਹੰਸ ਸਮਾਨ, ਉੱਤਮ ਤੇ ਨਿਰਮਲ ਪੁਰਖ ਬਣ ਜਾਂਦੇ ਹਨ ।

ਦੁਨਿਆਵੀ ਕਾਰਨਾਂ ਦੇ ਵਸ ਜੋ ਉਨ੍ਹਾਂ ਦੇ ਦਬਾਅ ਹੇਠ ਲਗੇ ਹੁੰਦੇ ਸਨ ਉਹ (ਨਾਮ ਸਿਮਰਨ ਦਾ ਹੁਕਮ ਪਾਲਣ ਕਾਰਨ) ਕਾਰਨਾਂ ਦੇ ਕਾਰਨਹਾਰ (ਮਾਲਕ) ਬਣ ਜਾਂਦੇ ਹਨ (ਭਾਵ ਉਹ ਦੁਨਿਆਵੀ ਕਾਰਨਾਂ ਤੇ ਭਾਰੂ ਹੋ ਜਾਂਦੇ ਹਨ) ਅਤੇ ਮਾਰਨ ਤੇ ਪਾਲਣਹਾਰ ਵਾਹਿਗੁਰੂ ਦੇ ਨਾ ਲਖੇ ਜਾਣ ਵਾਲੇ ਭੇਦ ਦੇ ਉਹ ਜਾਣੂ ਹੋ ਜਾਂਦੇ ਹਨ ।੧੮੧ ।

**ਗੁਰਮੁਖਿ ਸੁਖ ਫਲ ਚਾਖਤ ਉਲਟੀ ਭਈ,**
**ਜੋਨਿ ਕੈ ਅਜੋਨਿ ਭਏ ਕੁਲ ਅਕੁਲੀਨ ਹੈ ।।**
**ਜੰਤਨ ਤੇ ਸੰਤ ਅਉ ਬਿਨਾਸੀ ਅਬਿਨਾਸੀ ਭਏ,**
**ਅਧਮ ਅਸਾਧ ਭਏ ਸਾਧ ਪ੍ਰਬੀਨ ਹੈ ।**
**ਲਾਲਚੀ ਲਲੂਜਨ ਤੇ ਪਾਵਨ ਕੈ ਪੂਜ ਕੀਨੇ,**
**ਅੰਜਨ ਜਗਤ ਮੈ ਨਿਰੰਜਨਈ ਦੀਨ ਹੈ ।।**
**ਕਾਟਿ ਮਾਇਆ ਫਾਸੀ, ਗੁਰ ਗ੍ਰਿਹ ਮੈ ਉਦਾਸੀ ਕੀਨੋ,**
**ਅਨਭੈ ਅਭਿਆਸੀ, ਪ੍ਰਿਅ ਪ੍ਰੇਮ ਰਸ ਭੀਨ ਹੈ ।।੧੮੨।।**

**ਪਦ ਅਰਥ** : ਗੁਰਮੁਖ-ਸਤਿਗੁਰੂ ਦਾ ਹੁਕਮੀ ਬੰਦਾ । ਗੁਰਮੁਖਿ ਸੁਖ ਫਲ-ਸਤਿਗੁਰੂ ਬਖਸ਼ੇ ਨਾਮ ਅੰਮ੍ਰਿਤ ਦਾ ਅਨੰਦੀ ਰਸ । ਜੋਨਿ ਕੈ -ਜੂਨਾਂ ਵਿਚ ਪੈਣ ਤੋਂ । ਅਜੋਨਿ-ਜੰਮਣ ਮਰਨ ਰਹਿਤ । ਅਕੁਲੀਨ-ਕੁਲਾ-ਰੀਤ ਦਾ ਤਿਆਗ, ਅਹੰਕਾਰ ਤੋਂ ਰਹਿਤ । ਜੰਤਨ ਤੇ-ਸੰਸਾਰੀ ਜੀਵਾਂ ਤੋਂ । ਸੰਤ-ਸਤਿਵਾਦੀ ਉਤਮ ਪੁਰਖ । ਅਉ-ਅਤੇ। ਬਿਨਾਸੀ-ਬਿਨਸਨਹਾਰ ਪ੍ਰਾਣੀ । ਅਬਿਨਾਸੀ-ਨਾਸ਼ ਰਹਿਤ, ਮੌਤ ਰਹਿਤ, ਅਮਰ । ਅਧਮ-ਨੀਚ । ਅਸਾਧ-ਮੰਦੇ ਪੁਰਖ, ਮਨਮੁਖ । ਸਾਧ-ਉੱਤਮ ਪੁਰਖ, ਗੁਰਮੁਖ । ਪ੍ਰਬੀਨ ਸਿਆਣੇ, ਦੂਰ ਦਰਸ਼ੀ । ਲਲੂ ਮਨ-ਲੋਭੀ ਮਨੁੱਖ। ਪਾਵਨ-ਪਵਿੱਤਰ । ਪੂਜ-ਪੂਜਨੀਕ । ਅੰਜਨ-ਮਾਇਆ ਰੂਪ ਕਾਲਖ। ਨਿਰੰਜਨਈ-ਮਾਇਆ ਤੋਂ ਅਟੰਕ ਅਵਸਥਾ । ਗੁਰ ਗ੍ਰਿਹ-ਗੁਰੂ ਦਾ ਘਰ, ਸਤਸੰਗਤਿ। ਉਦਾਸੀ-ਉਪਰਾਮ । ਅਨਭੈ-ਨਿਰਭੈਉ ਕਰ ਦੇਣ ਵਾਲਾ ਨਾਮ। ਪ੍ਰਿਅ-ਪਿਆਰਾ ਪ੍ਰੀਤਮ । ਭੀਨ ਹੈ-ਭਿਉਂ ਦੇਂਦਾ ਹੈ ।



www.AKJ.Org

**ਅਰਥ** : ਸਤਿਗੁਰੂ ਬਖਸ਼ੇ ਅਨੰਦੀ ਨਾਮ ਅੰਮ੍ਰਿਤ ਰਸ ਨੂੰ ਚੱਖ ਕੇ ਗੁਰਮਖ ਜਨਾਂ ਦੀ ਦਸ਼ਾ (ਆਮ ਸੰਸਾਰੀਆਂ ਤੋਂ) ਉਲਟ ਹੋ ਜਾਂਦੀ ਹੈ ਅਤੇ ਜਨਮ ਮਰਨ ਤੋਂ ਤੇ ਕੁਲ-ਅਹੰਕਾਰ ਤੋਂ ਮੁਕਤ ਹੋ ਜਾਂਦੇ ਹਨ ।

ਸਤਿਗੁਰੂ ਦਾ ਸੁਖਦਾਈ ਨਾਮ ਅੰਮ੍ਰਿਤ ਰਸ ਪੀਣ ਵਾਲੇ ਆਮ ਸੰਸਾਰੀ ਜੀਵਾਂ ਤੋਂ ਸੰਤ ਸੁਭਾ ਸਤਿਵਾਦੀ ਪੁਰਖ ਹੋ ਜਾਂਦੇ ਹਨ, ਬਿਨਸਨਹਾਰ ਪ੍ਰਾਣੀ ਅਮਰ ਪਦਵੀ ਨੂੰ ਪਾ ਲੈਂਦੇ ਹਨ ਅਤੇ ਨੀਚ ਤੇ ਖੋਟੇ ਪੁਰਖਾਂ ਤੋਂ, ਸੁਜਾਨ ਤੇ ਉੱਤਮ ਪੁਰੱਖ ਹੋ ਨਿਬੜਦੇ ਹਨ ।

(ਨਾਮ ਅੰਮ੍ਰਿਤ ਦਾ ਅਨੰਦੀ ਰਸ) ਲਾਲਚੀ ਤੇ ਲੋਭੀ ਮਨੁੱਖਾਂ ਨੂੰ ਪਵਿੱਤਰ ਕਰ ਕੇ ਪੂਜਨੀਕ ਬਣਾ ਦਿੰਦਾ ਹੈ ਅਤੇ ਮਾਇਕ ਸੰਸਾਰ ਵਿੱਚ (ਵਿਚਰਦਿਆਂ ਹੋਇਆਂ) ਮਾਇਆ ਤੋਂ ਨਿਰਲੇਪ ਰਹਿਣ ਦੀ ਅਵਸਥਾ ਲਿਆ ਦਿੰਦਾ ਹੈ । ਸਤਿਗੁਰ ਦੇ ਗ੍ਰਹਿ ਪਰਵੇਸ਼ ਹੋਣ (ਨਾਮ ਦੀਖਿਆ ਲੈਣ) ਨਾਲ ਮਾਇਆ ਦੀ ਫਾਹੀ ਕਟੀਜ ਕੇ, ਉਸ ਤੋਂ ਉਪਰਾਮ ਹੋ ਜਾਈਦਾ ਹੈ ਤੇ ਨਿਰਭੈ ਕਰ ਦੇਣ ਵਾਲੇ ਨਾਮ ਦਾ ਅਭਿਆਸੀ ਹੋ ਕੇ ਪਿਆਰੇ ਵਾਹਿਗੁਰੂ ਦੇ ਪ੍ਰੇਮ ਰਸ ਵਿੱਚ ਭਿੱਜ ਜਾਈਦਾ ਹੈ । ੧੮੨।

# ਸਚੇ ਨਾਮ ਦੀ ਅਖੰਡ ਧੁਨੀ

ਉੱਚੀ ਅਵਾਜ਼ ਰਾਹੀਂ ਵਾਹਿਗੁਰੂ ਨਾਮ ਉਚਾਰਦੀ ਦੌੜੀ ਜਾਂਦੀ ਹੇਮ ਗੰਗਾ ਵੱਡੇ ਵੱਡੇ ਪੱਥਰਾਂ ਉਤੋਂ ਉੱਚੀਆਂ ਉੱਚੀਆਂ ਛਾਲਾਂ ਮਾਰਦੀ ਅਤੇ ਨਿੱਕੇ ਮੋਟੇ ਪੱਥਰਾਂ ਨੂੰ ਆਪਣੇ ਨਾਲ ਰੁੜ੍ਹਾਈ ਲਿਜਾਂਦੀ, ਪਤਾ ਨਹੀਂ ਕਦੋਂ ਤੋਂ ਸੱਚੇ ਨਾਮ ਦੀ ਅਖੰਡ- ਧੁਨੀ ਇਨ੍ਹਾਂ ਪਹਾੜਾਂ ਦੇ ਕੰਨੀ ਪਾ ਰਹੀ ਹੈ। "ਵਾਹਿਗੁਰੂ ਵਾਹਿਗੁਰੂ" ਪੁਕਾਰਦੀ ਇਸ ਨਦੀ ਦੀ ਸੰਗਤ ਨਾਲ ਸਾਡੇ ਮਨਾਂ ਦੇ ਅੰਦਰੋਂ ਵੀ ਇਹੋ ਆਵਾਜ਼ ਨਿਕਲ ਕੇ ਨਦੀ ਦੀ ਆਵਾਜ਼ ਵਿੱਚ ਇੱਕ ਮਿੱਕ ਹੋ ਕੇ ਅਜੀਬ ਰੰਗ ਬੰਨ੍ਹਦੀ ਹੈ। ਸੱਚੇ ਨਾਮ ਦੀ ਧੂਫ ਧੁਖਾ ਕੇ ਨਾਮ- ਰਸ ਦੀਆਂ ਮਹਿਕਾਂ ਵੰਡਦੀ ਜਾ ਰਹੀ ਹੇਮ ਗੰਗਾ ਵਲ ਦੇਖ ਕੇ ਰੀਝਦਾ ਹੋਇਆ ਮਨ ਕਹਿ ਉਠਦਾ ਹੈ, "ਕਾਸ਼ ! ਕਿਤੇ ਸਾਡੇ ਸਾਹਾਂ ਦੇ ਦੌਰ ਵਿੱਚ ਵੀ ਇਸੇ ਤਰ੍ਹਾਂ ਹੀ ਸੱਚੇ ਨਾਮ ਦੀ ਅਖੰਡ ਧੁਨੀ ਦੀ ਰੌ ਵਹਿ ਤੁਰੇ ਜੋ ਆਖਰੀ ਸਾਹਾਂ ਤੱਕ ਸਾਡੇ ਜੀਵਨ ਨੂੰ ਨਾਮ–ਰਸ ਨਾਲ ਸਿੰਜਦੀ ਰਵ੍ਹੇ। "

("ਅਲੌਕਿਕ ਝਲਕਾਂ" ਵਿਚੋਂ)

## ਪੰਨਾ ੨ ਦਾ ਬਾਕੀ

ਪ੍ਰਭੂ ਦੇ ਦਰ ਪਹੁੰਚਣ ਦੀ ਜਾਚ ਗੁਰੂ ਨੇ ਦੱਸਣੀ ਹੈ । ਗੁਰੂ ਦੀ ਸਿਖਸ਼ਾ ਲੈਣ ਵਾਸਤੇ ਸਾਨੂੰ ਗੁਰਸਿੱਖੀ ਦੇ ਸਕੂਲ ਵਿਚ ਦਾਖਲਾ ਲੈਣਾ ਪਵੇਗਾ ਭਾਵ ਸਾਨੂੰ ਅੰਮ੍ਰਿਤ ਛਕਣਾ ਪਵੇਗਾ। ਇਸ ਗਲ ਦਾ ਧਿਆਨ ਰਖਣਾ ਪਵੇਗਾ ਕਿ ਕੋਈ ਐਸੀ ਅੱਵਗਿਆ ਨਾ ਹੋ ਜਾਵੇ ਜਿਸ ਕਾਰਨ ਸਾਡਾ ਨਾਂ ਗੁਰਸਿੱਖੀ ਦੇ ਸਕੂਲ ਵਿਚੋਂ ਕੱਟਿਆ ਜਾਏ । ਸਾਨੂੰ ਰਹਿਤਾਂ ਤੇ ਕੁਰਹਿਤਾਂ ਨੂੰ ਹਰ ਵੇਲੇ ਧਿਆਨ ਵਿੱਚ ਰੱਖਣਾ ਪਵੇਗਾ । ਜੇ ਗੁਰਸਿੱਖੀ ਦੇ ਸਕੂਲ ਦੀ ਵਰਦੀ (ਪੰਜ ਕਕਾਰ) ਪਾ ਕੇ ਅਸੀਂ ਗੁਰ ਹੁਕਮਾਂ ਦੀ ਉਲੰਘਣਾ ਕਰਾਂਗੇ, ਪਰਾਈ ਇਸਤਰੀ/ ਪਰਾਏ ਪੁਰਸ਼ ਨਾਲ ਇਸ਼ਕ ਪੇਚੇ ਲਗਾਈ ਫਿਰਾਂਗੇ ਤਾਂ ਸਾਡਾ ਦੋਹੀਂ ਜਹਾਨੀਂ (ਲੋਕ ਤੇ ਪ੍ਰਲੋਕ) ਮੂੰਹ ਕਾਲਾ ਹੋਵੇਗਾ ,

" ਹਲਤਿ ਨ ਸੋਭਾ ਪਲਤਿ ਨ ਢੋਈ"
ਅਹਿਲਾ ਜਨਮੁ ਗਵਾਇਆ ।।੩।। (ਪੰਨਾ–੧੫੫)

ਵਾਲੀ ਗੱਲ ਹੋਵੇਗੀ ।

ਜਿਹੜੀਆਂ ਜੀਵ ਇਸਤਰੀਆਂ ਸਤਿਗੁਰੂ ਦੀ ਸ਼ਰਨ ਪੈ ਕੇ ਪੂਰੀ ਭੈ ਭਾਵਨੀ ਨਾਲ ਉਸ ਦੇ ਦੱਸੇ ਮਾਰਗ ਤੇ ਚੱਲਦੀਆਂ ਹਨ, ਅਕਾਲ ਪੁਰਖ ਉਨ੍ਹਾਂ ਦੇ ਔਗੁਣ ਬਖਸ਼ ਕੇ ਆਪਣੇ ਗਲ ਲਾ ਲੈਂਦਾ ਹੈ, ਉਨ੍ਹਾਂ ਦੀ ਮੁਰਾਦ (ਆਸ) ਪੂਰੀ ਹੋ ਜਾਂਦੀ ਹੈ, ਉਨ੍ਹਾਂ ਦੇ ਸਾਰੇ ਝੋਰੇ ਖਤਮ ਹੋ ਜਾਂਦੇ ਹਨ, ਅਤੇ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ। ਪੋਹ ਮਹੀਨੇ ਦੀ ਠੰਡੀ ਠਾਰ ਰੁੱਤ ਵੀ ਉਨ੍ਹਾਂ ਨੂੰ ਸੋਹਣੀ ਲਗਦੀ ਹੈ ।

ਪੂਰੀ ਆਸਾ ਜੀ ਮਨਸਾ ਮੇਰੇ ਰਾਮ ।।
ਮੋਹਿ ਨਿਰਗੁਣ ਜੀਉ, ਸਭਿਗੁਣ ਤੇਰੇ ਰਾਮ ।।
ਸਭਿ ਗੁਣ ਤੇਰੇ, ਠਾਕੁਰ ਮੇਰੇ, ਕਿਤ ਮੁਖਿ ਤੁਧੁ ਸਾਲਾਹੀ ।।
ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ,
ਬਖਸਿ ਲੀਆ ਖਿਨ ਮਾਹੀ ।।
ਨਉ ਨਿਧਿ ਪਾਈ, ਵਜੀ ਵਾਧਾਈ, ਵਾਜੇ ਅਨਹਦ ਤੂਰੇ ।।
ਕਹੁ ਨਾਨਕ ਮੈ ਵਰੁ ਘਰਿ ਪਾਇਆ,
ਮੇਰੇ ਲਾਥੇ ਜੀ ਸਗਲ ਵਿਸੂਰੇ ।।੪।।੧।।

(ਵਡਹੰਸ ਮ: ੪, ਪੰਨਾ-੫੭੭)

**ਬਿਨ ਸਤਿਗੁਰ ਪਚਿ ਮੂਏ ਸਾਕਤ,**
**ਨਿਗੁਰੇ ਗਲਿ ਜਮ ਫਾਸਾ ਹੇ ।।**
(ਮਾਰੂ ਸੋਲਹੇ ਮ: ੫, ਪੰਨਾ-੧੦੭੩)


www.AKJ.Org

# ਸਤਿਗੁਰੂ ਤੇਗ ਬਹਾਦਰ ਜੀ ਦੀ ਗੁਰਮਤਿ ਸਿਖਿਆ

(ਭਾਈ ਹੀਰਾ ਸਿੰਘ ਜੀ)

**'ਜਿਹ ਬਿਧਿ-ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ।।"**
(ਪੰਨਾ-੨੨੭)

ਸਤਿਗੁਰੂ ਨਾਨਕ ਦੇਵ ਜੀ ਦੀ ਚਲਾਈ ਮਹਾਂ ਸ੍ਰੇਸ਼ਟ ਗੁਰਮਤਿ ਨੂੰ ਸਤਿਗੁਰੂ ਤੇਗ ਬਹਾਦਰ ਜੀ ਨੇ ਨਿਧੜਕ ਹੋ ਕੇ ਪ੍ਰਚਾਰਿਆ । ਇਸਦਾ ਸੰਖੇਪ ਜ਼ਿਕਰ ਇਸ ਪ੍ਰਕਾਰ ਹੈ :

**੧. ਉਪਾਸਨਾ** : ਆਪ ਜੀ ਨੇ ਫੁਰਮਾਇਆ ਕਿ ਕੇਵਲ ਵਾਹਿਗੁਰੂ (ਗੋਬਿੰਦ) ਦੀ ਹੀ ਉਪਾਸਨਾ ਕਰੋ-

**ੳ) ਸਾਧੋ ਗੋਬਿੰਦ ਕੇ ਗੁਨ ਗਾਵਉ ।। (ਪੰਨਾ-੨੧੯)**
**ਅ) ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ।।**
(ਸਲੋਕ, ਪੰਨਾ-੧੪੨੭)

**੨. ਉਦਾਸੀ** : ਉਦਾਸ ਹੋ ਕੇ ਘਰ ਬਾਰ ਨਹੀਂ ਛੱਡਣਾ ਚਾਹੀਦਾ । ਸਾਰੇ ਕਰਮ ਕਰਦੇ ਹੋਏ ਮਨ ਨੂੰ ਮਾਇਆ ਤੋਂ ਨਿਰਲੇਪ ਰੱਖਣਾ ਹੀ ਅਸਲ ਉਦਾਸੀ ਹੈ-

**ੳ) ਕਾਹੇ ਰੇ ਬਨ ਖੋਜਨ ਜਾਈ ।।**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ।।੨।।**
(ਪੰਨਾ-੬੮੪)
**ਅ) ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ।।**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ।।੧੮।।** (ਪੰਨਾ-੧੪੨੭)

**੩. ਉਪਕਾਰ** : ਪ੍ਰਾਣੀ ਮਾਤਰ ਦੇ ਹਿੱਤ ਲਈ ਆਪ ਜੀ ਨੇ ਅਨੇਕ ਉਪਦੇਸ਼ ਗੁਰਬਾਣੀ ਵਿੱਚ ਦਿੱਤੇ ਹਨ-

**ੳ) ਸਾਧੋ ਮਨ ਕਾ ਮਾਨੁ ਤਿਆਗਉ ।।**
**ਕਾਮੁ, ਕ੍ਰੋਧੁ ਸੰਗਤਿ ਦੁਰਜਨ ਕੀ,**
**ਤਾ ਤੇ ਅਹਿਨਿਸ ਭਾਗਉ ।।੧।। ਰਹਾਉ ।।**
(ਪੰਨਾ-੨੧੯)
**ਅ) ਮਨ ਰੇ ਕਹਾ ਭਇਓ ਤੈ ਬਉਰਾ ।।**
**ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ।।੧।। ਰਹਾਉ ।।** (ਪੰਨਾ-੨੨੦)
**ੲ) ਨਰ ਅਚੇਤ ਪਾਪ ਤੇ ਡਰੁ ਰੇ ।। (ਪੰਨਾ-੨੨੦)**

**੪. ਅਸਚਰਜ ਲੀਲ੍ਹਾ** :- ਜਗਤ ਲੀਲ੍ਹਾ ਕਿੰਨੀ ਅਸਚਰਜ ਹੈ । ਇੱਕ ਪੈਦਾ ਹੁੰਦਾ ਹੈ ਦੂਜਾ ਆ ਜਾਂਦਾ ਹੈ—

**ਸਾਧੋ ਰਚਨਾ ਰਾਮ ਬਨਾਈ ।।**
**ਇਕਿ ਬਿਨਸੈ ਇਕ ਅਸਥਿਰੁ ਮਾਨੈ**
**ਅਚਰਜੁ ਲਖਿਓ ਨ ਜਾਈ ।।੧।। ਰਹਾਉ ।।**
(ਪੰਨਾ-੨੧੯)

**੫. ਅਭੈਦਾਨ** :– ਨਿਰਭੈਤਾ ਦੀ ਬਖਸ਼ਿਸ਼ ਉਸੇ ਉਤੇ ਹੁੰਦੀ ਹੈ ਜੋ ਕੁਕਰਮਾਂ ਤੋਂ ਬਚਕੇ ਨਾਮ ਜਪਦੇ ਹੋਇਆਂ ਪਰਉਪਕਾਰ ਕਰਦਾ ਹੈ:-

**ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ**
**ਕਉਨੁ ਕਰਮੁ ਅਬ ਕੀਜੈ ।।**
**ਨਾਨਕ ਹਾਰਿ ਪਰਿਓ ਸਰਨਾਗਤਿ**
**ਅਭੈਦਾਨੁ ਪ੍ਰਭ ਦੀਜੈ ।।** (ਪੰਨਾ-੭੦੩)

**੬. ਆਯੂ** :- ਆਯੂ ਉਹੀ ਸਫਲ ਹੈ ਜੋ ਨਾਮ ਸਿਮਰਨ ਤੇ ਸ਼ੁਭ ਕਰਮ ਕਰਦਿਆਂ ਬਤੀਤ ਹੋਵੇ। ਧਨ ਸੰਪਤੀ ਤੇ ਵੱਡੀ ਉਮਰ ਵਾਲਾ ਹੋਣਾ ਨਿਸਫਲ ਹੈ ਜੇ ਨਾਮ ਨਹੀਂ ਸਿਮਰਿਆ ਜਾਂਦਾ ।

ੳ) ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ।।
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ।।੩।।
(ਪੰਨਾ-੧੪੨੬)
ਅ) ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ।।
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ।।੩੫।।
(ਪੰਨਾ-੧੪੨੮)

**੭. ਅਵਤਾਰ** : - ਆਪ ਨੇ ਅਵਤਾਰਾਂ ਨੂੰ ਰੱਬ ਨਹੀਂ ਮੰਨਿਆ । ਇਹ ਭੀ ਜਨਮੇ ਤੇ ਮਰ ਗਏ ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ।।
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ ।।੫੦।।
(ਪੰਨਾ-੧੪੨੯)

**੮. ਆਪਾ ਪਛਾਨਣਾ** :- ਖ਼ੁਦ ਪਸੰਦੀ ਤੇ ਅਭਿਮਾਨ ਨੂੰ ਛੱਡ ਕੇ ਆਪਣੇ ਆਪ ਨੂੰ ਪਛਾਨਣ ਦਾ ਉਪਦੇਸ਼ ਦਿੱਤਾ ਹੈ :-

"ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ"
੨।।੨।। (ਪੰਨਾ-੬੮੪)

**੯. ਆਵਾਗਵਨ** : ਆਪ ਨੇ ਆਵਾਗਵਨ ਨੂੰ ਮੰਨਿਆ ਹੈ:

"ਸਾਧੋ ਰਚਨਾ ਰਾਮ ਬਨਾਈ ।।
ਇਕਿ ਬਿਨਸੈ ਇਕ ਅਸਥਿਰ ਮਾਨੈ
ਅਚਰਜੁ ਲਖਿਓ ਨ ਜਾਈ।। ੧।। ਰਹਾਉ।।
(ਪੰਨਾ-੨੧੯)

**੧੦. ਇਸ਼ਨਾਨ** :- ਸਰੀਰ, ਮਨ, ਵਸਤਰ ਅਤੇ ਜਗ੍ਹਾ ਆਦਿ ਨੂੰ ਸ੍ਵਛ ਰਖਣਾ ਸਿੱਖ ਦੇ ਮੁੱਖ ਫਰਜ਼ ਹਨ ਪ੍ਰੰਤੂ ਜਲ ਇਸ਼ਨਾਨ, ਮੁਕਤ ਹੋਣ ਦਾ ਸਾਧਨ ਆਪ ਜੀ ਨੇ ਨਹੀਂ ਮੰਨਿਆ ।



www.AKJ.Org

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ।।
(ਪੰਨਾ-੧੪੨੮)

੧੧. ਸੰਸਾਰ ਸੁਪਨੇ ਦੀ ਨਿਆਈਂ ਹੈ, ਇਸ ਵਿੱਚ ਖਚਿੱਤ ਨਾ ਹੋਵੇ ।

ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ।।੧।। ਰਹਾਉ ।।
ਬਾਰੂ ਭੀਤਿ ਬਨਾਈ ਰਚਿ ਪਚਿ
ਰਹਤ ਨਹੀ ਦਿਨ ਚਾਰਿ ।। (ਪੰਨਾ-੬੩੩)

**੧੨. ਦੁਖ, ਸੁਖ, ਮਾਨ, ਅਪਮਾਨ** :- ਸ਼ੁਭ ਕਰਮ ਕਰਨ ਵਾਲੇ ਪ੍ਰਾਣੀ ਸੁਖੀ । ਬਾਕੀ ਅਗਿਆਨੀ ਪੁਰਸ਼ ਦੁੱਖਾਂ ਦੇ ਸਾਗਰ ਵਿੱਚ ਗੋਤੇ ਖਾਂਦੇ ਰਹਿੰਦੇ ਹਨ ।

ੳ) ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ।।੧।। (ਪੰਨਾ-੨੧੯)

ਅ) ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ।।
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ।।
(ਪੰਨਾ-੧੪੨੮)

**੧੩. ਹਰਖ ਸੋਗ** :- ਖੁਸ਼ੀ ਗਮੀ ਤੋਂ ਨਿਰਲੇਪ ਸਿੱਖ ਹੀ ਬੰਧਨ ਮੁਕਤ ਹੈ ।

**੧੪. ਅਹੰਕਾਰ** : ਕਿਸੇ ਤਰਾਂ ਦਾ ਹੰਕਾਰ ਕਰਨਾ, ਸ੍ਰੇਸ਼ਟ ਮਨੁੱਖਾਂ ਲਈ ਸ਼ੋਭਦਾ ਨਹੀਂ ।

ਜੋ ਪ੍ਰਾਨੀ ਮਮਤਾ ਤਜੈ ਲੋਭ, ਮੋਹ, ਅਹੰਕਾਰ ।।
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ।।
(ਪੰਨਾ-੧੪੨੭)

**੧੫. ਕਰਤਾਰ ਦਾਤਾ ਹੈ** :- ਸਾਰੇ ਜੀਵਾਂ ਨੂੰ ਉਹੀ ਰਿਜਕ ਦੇ ਰਿਹਾ ਹੈ । ਉਸੇ ਦਾ ਸਿਮਰਨ ਕਰੋ ।

ਜਗਤੁ ਭਿਖਾਰੀ ਫਿਰਤੁ ਹੈ, ਸਭ ਕੋ ਦਾਤਾ ਰਾਮੁ ।।
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ।।
(ਪੰਨਾ-੧੪੨੮)

**੧੬. ਕਰਤਾਰ ਦੀ ਸ਼ਰਨ** : ਵਾਹਿਗੁਰੂ ਦੀ ਸ਼ਰਨੀ ਆਉ ਸਾਰੇ ਦੁਖ ਕਲੇਸ਼ ਦੂਰ ਹੋ ਜਾਣਗੇ ।

ੳ) ਮਗਨ ਰਹਿਓ ਮਾਇਆ ਮੈ ਨਿਸ ਦਿਨਿ
ਛੁਟੀ ਨ ਮਨ ਕੀ ਕਾਈ ।।
ਕਹਿ ਨਾਨਕ ਅਬ ਨਾਹਿ ਅਨਤ ਗਤਿ
ਬਿਨੁ ਹਰਿ ਕੀ ਸਰਨਾਈ ।।੨।।੧।।੩੧।।
(ਪੰਨਾ-੭੧੮)

ਅ) ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ।।
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ।।
(ਪੰਨਾ-੧੪੨੭)

**੧੭. ਗਿਆਨੀ** : ਜੋ ਬਿਬੇਕ ਬੁਧੀ ਨਾਲ ਕੰਮ ਕਰਦਾ ਹੈ ਉਹ ਗਿਆਨੀ ਹੈ । ਬਿਨਾਂ ਸੋਚੇ ਸਮਝੇ ਅੰਧਾ ਧੁੰਧ ਕੰਮ ਕਰਨ ਵਾਲੇ ਅਗਿਆਨੀ ਹਨ ।

ੳ) ਦੁਖੁ ਸੁਖੁ ਏ ਬਾਧੇ ਜਿਹ ਨਾਹਨਿ
ਤਿਹ ਤੁਮ ਜਾਨਉ ਗਿਆਨੀ ।।
ਨਾਨਕ ਮੁਕਤਿ ਤਾਹਿ ਤੁਮ ਮਾਨਉ
ਇਹ ਬਿਧਿ ਕੋ ਜੋ ਪ੍ਰਾਨੀ ।।੩।।੧।। (ਪੰਨਾ-੨੨੦)

ਅ) ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ।।
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ।।
(ਪੰਨਾ-੧੪੨੭)

**੧੮. ਨਸ਼ੇ** :- ਗੁਰਮਤਿ ਵਿੱਚ ਬੁੱਧੀ ਭ੍ਰਿਸ਼ਟ ਕਰਨ ਵਾਲੇ ਮਾਦਕ ਦ੍ਰਵ, ਜਿਨ੍ਹਾਂ ਨਾਲ ਪ੍ਰਾਧੀਨਤਾ, ਆਲਸ, ਬਿਮਾਰੀਆਂ ਆਦਿ ਸਰੀਰ ਵਿੱਚ ਉਪਜਦੇ ਹਨ ਉਨ੍ਹਾਂ ਦਾ (ਆਪ ਨੇ ਭੀ) ਨਿਸ਼ੇਧ ਕੀਤਾ ਹੈ । ਆਪ ਨੇ ਨਸ਼ਿਆਂ ਨੂੰ ਬਿਖਿਆ ਦੱਸਿਆ ਹੈ ।

ੳ) ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ।।
ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ।।
(ਪੰਨਾ-੧੩੫੨)

ਅ) ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ।।
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ।।
(ਪੰਨਾ-੧੪੨੭)

**੧੯. ਭਗਤੀ** :- ਵਾਹਿਗੁਰੂ ਦੀ ਉਪਾਸ਼ਨਾ ਤੇ ਸਿਮਰਨ ਦਾ ਨਾਉਂ ਗੁਰਮਤਿ ਵਿੱਚ ਭਗਤੀ ਹੈ । ਦੀਨ ਦੁਖੀ ਦੀ ਮਦਦ ਕਰਨੀ ਅਸਲ ਉਪਾਸਨਾ ਹੈ, ਧਰਮ ਦੀ ਕਿਰਤ ਕਰਦੇ ਹੋਏ ਨਾਮ ਅਭਿਆਸ ਕਰਕੇ ਵੰਡ ਛਕਣਾ, ਹਮੇਸ਼ਾ ਕਰਤਾਰ ਨੂੰ ਹਾਜ਼ਰ ਨਾਜ਼ਰ ਜਾਨਣਾ ਉਸਦਾ ਸਿਮਰਨ ਕਰਨਾ ਹੈ ।

"ਹਰਿ ਕੇ ਨਾਮ ਬਿਨਾ ਦੁਖੁ ਪਾਵੈ ।।
ਭਗਤਿ ਬਿਨਾ ਸਹਸਾ ਨਹ ਚੂਕੈ
ਗੁਰੁ ਇਹੁ ਭੇਦੁ ਬਤਾਵੈ ।।੧।। ਰਹਾਉ ।। (ਪੰਨਾ-੮੩੦)

**੨੦. ਮਨ** :- ਅੰਤਹ ਕਰਣ ਨੂੰ ਮਨ ਕਹਿੰਦੇ ਹਨ। ਇਹ ਹਮੇਸ਼ਾਂ ਚੰਚਲ ਰਹਿੰਦਾ ਹੈ । ਇਸ ਦਾ ਸੁਧਾਰ ਨਾਮ ਅਭਿਆਸ ਦੁਆਰਾ ਹੀ ਹੁੰਦਾ ਹੈ ।

--" ਪਾਪੀ ਹੀਐ ਮੈ ਕਾਮੁ ਬਸਾਇ ।।
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ।।੧।।
ਰਹਾਉ ।। (ਪੰਨਾ-੧੧੮੬)


www.AKJ.Org

-- ਜੋਗੀ ਜੰਗਮ ਅਰੁ ਸੰਨਿਆਸ।।
ਸਭ ਹੀ ਪਰਿ ਡਾਰੀ ਇਹ ਫਾਸ ।।੧।।
(ਪੰਨਾ-੧੧੮੬)

-- ਜਿਹਿ ਜਿਹ ਹਰਿ ਕੋ ਨਾਮੁ ਸਮਾਰਿ ।।
ਤੇ ਭਵ ਸਾਗਰ ਉਤਰੇ ਪਾਰਿ ।।੨।। (ਪੰਨਾ-੧੧੮੬)

-- ਜਨ ਨਾਨਕ ਹਰਿ ਕੀ ਸਰਨਾਇ ।।
ਦੀਜੈ ਨਾਮੁ ਰਹੈ ਗੁਨ ਗਾਇ ।।੩।।੨।।
(ਪੰਨਾ-੧੧੮੬)

੨੧. ਮਿੱਤਰ:–ਮਿੱਤਰ, ਪੁੱਤਰ, ਧੀਆਂ, ਸਾਕ-ਸੰਬੰਧੀ ਸਭ ਆਪਣੇ ਆਪਣੇ ਅਰਾਮ ਲਈ ਮਨੁੱਖ ਦੇ ਪਾਸ ਆਉਂਦੇ ਹਨ । ਬਿਪਤਾ ਵਿੱਚ ਕੋਈ ਸਾਥ ਨਹੀਂ ਦਿੰਦਾ ।

ਇਹ ਜਗਿ ਮੀਤੁ ਨ ਦੇਖਿਓ ਕੋਈ ।।
ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ ।।੧ ।। ਰਹਾਉ।।
ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ।।
ਜਬ ਹੀ ਨਿਰਧਨ ਦੇਖਿਓ ਨਰ ਕਉ
ਸੰਗੁ ਛਾਡਿ ਸਭ ਭਾਗੇ ।।੧।।
ਕਹੰਉ ਕਹਾਯਿਆ ਮਨ ਬਉਰੇ ਕਉ
ਇਨ ਸਿਉ ਨੇਹੁ ਲਗਾਇਓ ।।
ਦੀਨਾ ਨਾਥ ਸਕਲ ਭੈ ਭੰਜਨ
ਜਸੁ ਤਾਕੋ ਬਿਸਰਾਇਓ।।੨।।
ਸੁਆਨ ਪੂਛ ਜਿਉ ਭਇਓ ਨ ਸੂਧਉ
ਬਹੁਤੁ ਜਤਨੁ ਮੈ ਕੀਨਉ ।।
ਨਾਨਕ ਲਾਜ ਬਿਰਦ ਕੀ ਰਾਖਹੁ
ਨਾਮੁ ਤੁਹਾਰਉ ਲੀਨਉ ।।੩।।੯।। (ਪੰਨਾ–੬੩੩)

੨੨. ਮੁਕਤੀ :– ਅਗਿਆਨ ਬੰਧਨਾ ਤੋਂ ਛੁਟਕਾਰਾ ਪਾਉਣ ਦਾ ਨਾਮ ਮੁਕਤੀ ਹੈ । ਜੋ ਇਨ੍ਹਾਂ ਭਰਮਾਂ ਚੋਂ ਨਿਕਲ ਗਿਆ ਉਹ ਮੁਕਤ ਹੈ :-

ੳ) ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ।।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ।।
(ਪੰਨਾ-੧੪੨੬)

ਅ) ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ।।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ।।
(ਪੰਨਾ-੧੪੨੭)

੨੩. ਮੰਗਣਾ :- ਗੁਰਮਤਿ ਵਿੱਚ ਮੰਗਣਾ ਨਖਿਧ ਕੰਮ ਮੰਨਿਆ ਹੈ । ਸਿੱਖ ਨੂੰ ਦਾਨਾਂ ਦਾ ਭੀ ਤਿਆਗੀ ਹੋਣਾ ਚਾਹੀਦਾ ਹੈ ।

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹ ਸੁਧ ਰਾਮ ਭਜਨ ਕੀ ।।੧।।
ਮਾਨਸ ਜਨਮ ਅਕਾਰਥ ਖੋਵਤ
ਲਾਜ ਨ ਲੋਕ ਹਸਨ ਕੀ ।। ਪੰਨਾ-੪੧੧)

੨੪. ਵੇਲਾ ( ਸਮਾਂ) :- ਵੇਲਾ ਵੱਡੀ ਅਮੋਲਕ ਵਸਤੂ ਹੈ । ਜਿਹੜਾ ਸਮੇਂ ਨੂੰ ਵਿਅਰਥ ਗਵਾਉਂਦਾ ਹੈ ਉਹ ਅਗਿਆਨੀ ਹੈ। ਸਮੇਂ (ਇਸ ਮਨੁੱਖਾ ਜਨਮ) ਦੀ ਕਦਰ ਕਰੋ।

" ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ ।।
ਕਹਉ ਕਹਾ ਬਾਰ ਬਾਰ, ਸਮਝਤ ਨਹ ਕਿਉ ਗਵਾਰ ।।
ਬਿਨਸਤ ਨਹ ਲਗੈ ਬਾਰ, ਓਰੇ ਸਮ ਗਾਤੁ ਹੈ ।।੧।।
ਰਹਾਉ।। (ਪੰਨਾ–੧੩੫੨)

ਅਜਿਹੇ ਅਨੇਕਾਂ ਹੀ ਸੁੰਦਰ ਸਿਧਾਂਤ ਸਤਿਗੁਰੂ ਜੀ ਨੇ ਆਪਣੀ ਗੁਰਬਾਣੀ ਅੰਦਰ ਪ੍ਰਚਾਰੇ ਹਨ । ਆਪ ਜੀ ਦੀ ਰਚਨਾ ਦੀ ਵਿਸ਼ੇਸ਼ਤਾਈ ਇਹ ਹੈ ਕਿ ਆਪ ਜੀ ਨੇ ਆਪਣੇ ਉਚਾਰੇ ੬੦ ਸ਼ਬਦਾਂ ਅਤੇ ੫੨ ਸਲੋਕਾਂ ਵਿੱਚ ਨਿਰੋਲ ਪੂਰਬ ਭਾਰਤ ਦੀ ਬੋਲੀ ਵਰਤੀ ਹੈ । ਇਸ ਵਿੱਚ ਗਾਫਲ ਸ਼ਬਦ ਤੋਂ ਬਿਨਾਂ ਸਾਰੇ ਸ਼ਬਦ ਭਾਰਤੀ ਹਨ। ਜੈਜਾਵੰਤੀ ਰਾਗ ਵਿੱਚ ਆਪ ਜੀ ਦੇ ਚਾਰ ਸ਼ਬਦ ਹਨ । ਹੋਰ ਕਿਸੇ ਗੁਰੂ ਜੀ ਨੇ ਇਸ ਰਾਗ ਵਿੱਚ ਬਾਣੀ ਨਹੀਂ ਉਚਾਰੀ । ਇਹ ਚਾਰੇ ਸ਼ਬਦ ਆਪ ਜੀ ਦੀ ਬਾਣੀ ਦਾ ਲੁੱਬੋ ਲੁਬਾਬ ਹਨ ।

ਆਪ ਜੀ ਨੇ ਪੂਰਬੀ ਭਾਰਤ ਦੇ ਪਿੰਡਾਂ ਅਤੇ ਨਗਰਾਂ ਵਿੱਚ ਤੁਰ ਫਿਰ ਕੇ ਭਾਰਤੀਆਂ ਦੀ ਗੈਰਤ ਨੂੰ ਟੁੰਬਿਆ । ਦਲੇਰ ਤੇ ਨਿਰਭੈ ਹੋਣ ਲਈ ਉਹਨਾਂ ਦੇ ਹੋ ਗੁਜ਼ਰੇ ਸਾਧੂ ਸੰਤਾਂ ਦਾ ਹਵਾਲਾ ਦੇ ਕੇ ਗੁਰਮਤਿ ਹਲੂਣਾ ਦਿੱਤਾ । ਜਬਰ ਜ਼ੁਲਮ ਦਾ ਟਾਕਰਾ ਕਰਨ ਲਈ ਹਿੰਮਤ ਜਗਾਈ ਅਤੇ ਜਥੇਬੰਦ ਹੋਣ ਦਾ ਸਬਕ ਪੜ੍ਹਾਇਆ ।

---

ਪੰਨਾ ੧੯ ਦਾ ਬਾਕੀ

ਸਿੱਖੀ ਦੇ ਨਾਂ ਤੇ ਉਹ ਆਪਣਾ ਤਨ, ਮਨ ਧਨ ਵਾਰਨ ਨੂੰ ਇੱਕ ਦਮ ਤਿਆਰ ਹੋ ਜਾਂਦੇ। ਸ਼ਹੀਦ ਹੋ ਜਾਣ ਨੂੰ ਉਹ ਬਹੁਤ ਸਸਤਾ ਸਮਝਦੇ। ਇਸ ਵਿੱਚ ਉਹਨਾਂ ਨੂੰ ਕਲਿਆਣ ਨਜ਼ਰ ਆਉਂਦੀ।

**ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਮਨਾਉਂਦੇ ਹੋਏ ਕੀ ਅਸੀਂ ਆਪਣੇ ਦਿਲ ਤੇ ਹੱਥ ਰੱਖ ਕੇ ਦਸ ਸਕਦੇ ਹਾਂ ਕਿ ਕੀ ਸਾਨੂੰ ਆਪਣੇ ਤਨ, ਮਨ, ਅਤੇ ਧਨ ਨਾਲੋਂ ਸਿੱਖੀ ਪਿਆਰੀ ਹੈ? ਕੀ ਸਾਡੇ ਲਈ ਗੁਰੂ ਦਾ ਹੁਕਮ ਉੱਤਮ ਹੈ ਜਾਂ ਆਪਣੇ ਮਨ ਦੀ ਮੱਤ? ਕੀ ਸਾਨੂੰ ਸਿੱਖੀ ਰਹਿਤ ਪਿਆਰੀ ਹੈ ਜਾਂ ਦੁਨਿਆਵੀ ਫੈਸ਼ਨ? ਕੀ ਸਾਨੂੰ ਸਤਿਗੁਰੁ ਦੀ ਕਾਰ ਪਿਆਰੀ ਹੈ ਜਾਂ ਵਿਡਾਣੀ ਚਾਕਰੀ? ਕੀ ਸਾਨੂੰ ਧਰਮ ਪਿਆਰਾ ਹੈ ਜਾਂ ਧੰਦਾ?**

**ਖਾਲਸਾ ਜੀ ! ਜ਼ਰਾ ਸੋਚੋ !**

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਦਰਸ਼ਨ

(ਪ੍ਰਿੰ: ਕੁਲਦੀਪ ਸਿੰਘਹਉਰਾ)

ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਕੁਝ ਆਪਣੀ ਬਾਣੀ ਵਿੱਚ ਫੁਰਮਾਇਆ, ਉਹ ਇੰਨ-ਬਿੰਨ ਆਪਣੇ ਜੀਵਨ ਵਿੱਚ ਕਮਾਇਆ ਵੀ । ਆਪ ਕਰਮ ਯੋਗੀ ਸਨ ਤੇ ਫੋਕੇ ਕਰਮ-ਕਾਂਡਾ ਵਿੱਚ ਆਪ ਦਾ ਕੋਈ ਵਿਸ਼ਵਾਸ ਨਹੀਂ ਸੀ । ਆਪ ਨੇ ਤੀਰਥ ਕਰਕੇ, ਵਰਤ ਰੱਖ ਕੇ ਤੇ ਦਾਨ ਕਰਕੇ ਮਨ ਵਿੱਚ ਅਹੰਕਾਰ ਕਰਨ ਵਾਲਿਆਂ ਨੂੰ ਸਪੱਸ਼ਟ ਸ਼ਬਦਾਂ ਵਿੱਚ ਆਖਿਆ ਕਿ ਇਸ ਤਰਾਂ ਕਰਕੇ ਤੁਸੀਂ ਆਪਣਾ ਜੀਵਨ ਨਿਹਫਲ ਗੁਆ ਰਹੇ ਹੋ :

"ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ।।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ।। ੪੬ ।।"

ਆਪ ਜੀ ਦੇ ਮਨ, ਬਚਨ ਤੇ ਕਰਮ ਵਿੱਚ ਇਕਸਾਰਤਾ ਸੀ ਤੇ ਉਹ ਸਭ ਨੂੰ ਇਹੋ ਕੁਝ ਕਰਨ ਲਈ ਕਿਹਾ ਕਰਦੇ ਸਨ । ਆਪਨੇ ਕੋਈ ਉਪਦੇਸ਼ ਅਜਿਹਾ ਨਹੀਂ ਦਿੱਤਾ ਜੋ ਆਪਣੇ ਜੀਵਨ ਵਿੱਚ ਆਪਣੇ ਉੱਤੇ ਨਾ ਹੰਢਾਇਆ ਹੋਵੇ। ਆਪ ਸ੍ਵੈ-ਇਛਿਆ ਨਾਲ ਨੇਕ ਕੰਮਾਂ ਵਿੱਚ ਸ਼ਾਮਲ ਹੋਣ ਨੂੰ ਹੀ ਠੀਕ ਸਮਝਦੇ ਸਨ । ਆਮ ਲੋਕ ਉਹ ਕਰਮ ਤਾਂ ਕਰਦੇ ਹੀ ਹਨ, ਜਿਨ੍ਹਾਂ ਦੇ ਕਰਨ ਨਾਲ ਉਨ੍ਹਾਂ ਨੂੰ ਨਿੱਜੀ ਲਾਭ ਹੋਵੇ ਪਰ ਜਾਨੀ ਤੇ ਮਾਲੀ ਹਾਨੀ ਨੂੰ ਵੇਖਦੇ ਹੋਇਆਂ ਵਿਰਲੇ ਮਹਾਂਪੁਰਸ਼ ਹੀ ਸ਼ੁਭ-ਕਰਮ ਕਰਦੇ ਹਨ । ਲੋਕ-ਭਲਾਈ ਤੇ ਲੋਕ-ਸੇਵਾ ਗੁਰੂ ਸਾਹਿਬ ਦਾ ਇਸ਼ਕ ਸੀ । ਲੋਕਾਂ ਦੀਆਂ ਆਰਥਿਕ ਕਠਿਨਾਈਆਂ ਦੀ ਨਵਿਰਤੀ ਕਰਨਾ ਉਹ ਆਪਣਾ ਪਰਮ ਧਰਮ ਸਮਝਦੇ ਸਨ। ਆਪ ਨੇ ਲੋਕਾਂ ਦੇ ਢੱਠੇ ਘਰ ਉਸਾਰਨ ਵਾਸਤੇ ਉਹਨਾਂ ਨੂੰ ਮਾਇਕ ਸਹਾਇਤਾ ਦਿੱਤੀ । ਪੀਣ ਵਾਲੇ ਪਾਣੀ ਤੇ ਸਿੰਚਾਈ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਆਪ ਨੇ ਖੂਹ ਲਗਵਾਏ । ਕਈਆਂ ਲੋੜਵੰਦਾਂ ਨੂੰ ਜ਼ਮੀਨ ਤੇ ਖੇਤੀ-ਬਾੜੀ ਦੇ ਸੰਦ ਵੀ ਦਿਤੇ । ਢਿਲਵਾਂ ਪਿੰਡ ਵਿੱਚ ਦੁੱਧ ਦੀ ਥੁੜ੍ਹ ਨੂੰ ਅਨੁਭਵ ਕਰਦਿਆਂ ਹੋਇਆਂ ਆਪ ਨੇ ੧੦੦ ਗਊਆਂ ਮੰਗਵਾ ਕੇ ਲੋੜਵੰਦਾਂ ਵਿੱਚ ਵੰਡ ਦਿੱਤੀਆਂ । ਇਸ ਤਰ੍ਹਾਂ ਉਹ ਸਦਾ ਹੀ ਲੋਕ-ਭਲਾਈ ਤੇ ਲੋਕ-ਸੇਵਾ ਦੇ ਕਾਰਜਾਂ ਵਿੱਚ ਜੁਟੇ ਰਹਿੰਦੇ । ਆਪ ਦੀ ਪ੍ਰਬਲ ਇਛਿਆ ਹੁੰਦੀ ਸੀ ਕਿ ਸਮਾਜਕ, ਘਰੇਗੀ ਤੇ ਰਾਜਸੀ ਝਗੜਿਆਂ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਮਿਲ-ਜੁਲ ਕੇ ਨਜਿੱਠ ਲਿਆ ਜਾਵੇ । ਫਰਵਰੀ ੧੬੬੯ ਵਿੱਚ ਬ੍ਰਹਮਪੁਤਰ ਦਰਿਆ ਦੇ ਕੰਢੇ ਧੋਬੜੀ ਨਾਂ ਦੀ ਥਾਂ ਤੇ ਕੈਂਪ ਕਰਕੇ ਆਪ ਨੇ ਮੁਗਲ ਫੌਜਾਂ ਦੇ ਕਮਾਂਡਰ ਰਾਜਾ ਰਾਮ ਸਿੰਘ ਤੇ ਆਸਾਮੀ ਸੈਨਾ ਦੇ ਰਾਜਾ ਚਕਰ ਧਵਜ ਸਿੰਘ ਵਿੱਚ ਸੁਲਾਹ ਕਰਵਾ ਦਿੱਤੀ ਤੇ ਬਹੁਤ ਸਾਰੇ ਲੋਕਾਂ ਦਾ ਖ਼ੂਨ ਡੁਲ੍ਹਣ ਤੋਂ ਬਚਾ ਲਿਆ। ਆਪ ਨੇ ਦੋਹਾਂ ਫੌਜਾਂ ਦੀ ਸ਼ਕਤੀ ਦਾ ਠੀਕ ਉਪਯੋਗ ਕਰਵਾ ਕੇ ਉਨ੍ਹਾਂ ਨੂੰ ਸੇਵਾ ਵਿੱਚ ਲਗਵਾ ਦਿੱਤਾ ਤੇ ਇੱਕ ਬਹੁਤ ਵੱਡਾ ਥੜ੍ਹਾ ਬਣਵਾਇਆ, ਜਿਸ ਦਾ ਨਾਮ ਹੁਣ 'ਦਮਦਮਾ ਸਾਹਿਬ' ਹੈ । ਇਹ ਅਸਥਾਨ ਸ਼ਾਂਤੀ ਤੇ ਸਦਭਾਵਨਾ ਦਾ ਪ੍ਰਤੀਕ ਹੈ। ਗੁਰੂ ਸਾਹਿਬ ਸ਼ਾਂਤੀ ਦੇ ਦੂਤ ਤੇ ਸਦਭਾਵਨਾ ਦੇ ਪੁਤਲੇ ਸਨ। ਗੁਰੂ ਤੇਗ ਬਹਾਦਰ ਸਾਹਿਬ ਮੁੱਢੋਂ ਹੀ ਸ਼ਾਂਤ-ਸੁਭਾਅ ਦੇ ਸਨ। ਉਹ ਸਦਾ ਸ਼ਾਂਤੀ ਤੇ ਅਮਨ ਦਾ ਹੀ ਪ੍ਰਚਾਰ ਕਰਦੇ ਰਹੇ । ਸ਼ਾਂਤੀ ਕਾਇਮ ਕਰਨ ਖਾਤਰ ਹੀ ਉਨ੍ਹਾਂ ਨੂੰ ਆਪਣੀ ਕੁਰਬਾਨੀ ਦੇਣੀ ਪਈ ਸੀ । ਆਪ ਨੇ ਮਨੁੱਖੀ-ਖ਼ੂਨ ਦੀ ਹੋਲੀ ਖੇਡੇ ਜਾਣ ਤੋਂ ਬਚਾਉਣ ਲਈ ਹੀ ਆਪਣੇ ਜੀਵਨ ਦਾ ਬਲੀਦਾਨ ਹੱਸਦਿਆਂ ਹੋਇਆਂ ਦੇ ਦਿੱਤਾ । ਆਪਣੀ ਜਾਨ ਦੀ ਵੱਡਮੁਲੀ ਕੁਰਬਾਨੀ ਦੇ ਕੇ ਸਾਬਤ ਕਰ ਦਿੱਤਾ ਕਿ ਮਹਾਂਪੁਰਖ ਦੂਸਰਿਆਂ ਦੀਆਂ ਜਾਨਾਂ ਬਚਾਉਣ ਖਾਤਰ ਆਪਣਾ ਬਲੀਦਾਨ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ। ਉਹ ਚਾਹੁੰਦੇ ਤਾਂ ਆਪਣਾ ਜੀਵਨ ਸੁਰੱਖਿਅਤ ਰੱਖ ਸਕਦੇ ਸਨ । ਜ਼ੁਲਮ ਦਾ ਟਾਕਰਾ ਹੋਰ ਢੰਗ ਨਾਲ ਵੀ ਕੀਤਾ ਜਾ ਸਕਦਾ ਸੀ ।

ਗੁਰੂ ਨਾਨਕ ਸਾਹਿਬ ਤੋਂ ਪਿੱਛੋਂ ਧਰਮ-ਪ੍ਰਚਾਰ ਖਾਤਰ ਭਾਵੇਂ ਗੁਰੂ ਹਰਿ ਗੋਬਿੰਦ ਸਾਹਿਬ ਵੀ ਹੋਰਨਾਂ ਥਾਵਾਂ ਤੇ ਗਏ ਸਨ ਪਰ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਧਰਮ-ਪ੍ਰਚਾਰ ਦੌਰੇ ਦੂਰ-ਦਰਾਜ਼ ਸਥਾਨਾਂ ਤੱਕ ਕੀਤੇ । ਧਰਮ ਪ੍ਰਚਾਰ ਦੇ ਇਨ੍ਹਾਂ ਦੌਰਿਆਂ ਦੀ ਸਫਲਤਾ ਨੂੰ ਵੇਖ ਕੇ ਹੀ ਸਰਕਾਰੀ ਕਰਮਚਾਰੀਆਂ ਦੇ ਮਨਾਂ ਵਿੱਚ ਕਈ ਪ੍ਰਕਾਰ ਦੇ ਤੌਖਲੇ ਪੈਦਾ ਹੋ ਗਏ । ਗੁਰੂ ਸਾਹਿਬ ਦੇ ਪ੍ਰਚਾਰ-ਦੌਰੇ ਸਦਾ ਚੜ੍ਹਦੀ ਕਲਾ ਵਾਲੇ ਤੇ ਚਿੱਤ-ਹੁਲਸਾਊ ਹੁੰਦੇ ਸਨ । ਆਪ ਜੀ ਨੇ ਸਿੱਖਾਂ ਨੂੰ ਜਥੇਬੰਦ ਕਰਨ ਵੱਲ ਵੀ ਉਚੇਚਾ ਧਿਆਨ ਦਿੱਤਾ । ਇਤਿਹਾਸਕਾਰ ਗੁਲਾਮ ਹੁਸੈਨ ਅਨੁਸਾਰ ਉਸ ਸਮੇਂ ਸਿੱਖਾਂ ਦਾ ਸੰਗਠਨ ਇਤਨਾ ਪੱਕਾ ਹੋ ਚੁੱਕਾ ਸੀ ਕਿ ਸਰਕਾਰ ਨੂੰ ਡਰ ਪੈਦਾ ਹੋ ਗਿਆ ਸੀ ਕਿ ਕਿਤੇ ਇਹ ਸੰਗਠਨ ਇਤਨਾ ਪੱਕਾ ਹੋ ਕੇ ਸਾਮਰਾਜ ਸ਼ਾਹੀ ਨੂੰ ਢਾਹ ਹੀ ਨਾ ਲਾ ਦੇਵੇ । ਪਰ ਗੁਰੂ ਸਾਹਿਬ ਦਾ ਮਨੋਰਥ ਤਾਂ ਸੱਚ ਤੇ ਸ਼ਾਂਤੀ ਦਾ ਪ੍ਰਚਾਰ ਕਰਨਾ ਸੀ । ਉਹ ਤਾਂ ਸੱਚ ਦੇ ਢੰਡੋਰਚੀ ਤੇ ਸ਼ਾਂਤੀ ਦੇ ਪ੍ਰਚਾਰਕ ਸਨ । ਉਨ੍ਹਾਂ ਦਾ ਮਕਸਦ ਰਾਜ ਵਿੱਚ ਅਰਾਜਕਤਾ ਫੈਲਾਉਣਾ ਨਹੀਂ ਸੀ । ਉਹ ਤਾਂ ਜ਼ੁਲਮ ਵਿਰੁੱਧ ਸਿੱਖ ਸੰਗਤਾਂ ਨੂੰ ਸਾਵਧਾਨ ਕਰਨਾ ਚਾਹੁੰਦੇ ਸਨ । ਇਸੇ ਲਈ ਕਸ਼ਮੀਰੀ ਪੰਡਿਤ ਉਨ੍ਹਾਂ


www.AKJ.Org

ਪਾਸ ਆਪਣੀ ਪੁਕਾਰ ਲੈ ਕੇ ਜਦੋਂ ਹਾਜ਼ਰ ਹੋਏ ਤਾਂ ਗੁਰੂ ਜੀ ਨੇ ਉਨ੍ਹਾਂ ਦੇ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਇਸੇ ਤਰ੍ਹਾਂ ਸੰਬੰਧੀਆਂ ਦੀ ਈਰਖਾ ਦਾ ਟਾਕਰਾ ਵੀ ਆਪਨੇ ਸਹਿਨਸ਼ੀਲਤਾ ਤੇ ਸ਼ਾਂਤੀ ਦੇ ਹਥਿਆਰਾਂ ਨਾਲ ਕੀਤਾ। ਧੀਰ ਮੱਲ ਨੇ ਗੁਰ-ਗੱਦੀ ਪ੍ਰਾਪਤ ਕਰਨ ਵਾਸਤੇ ਗੁਰੂ ਸਾਹਿਬ ਵਿਰੁੱਧ ਆਪਣੇ ਯਤਨ ਜਾਰੀ ਰੱਖੇ ਹੋਏ ਸਨ। ਬਕਾਲੇ ਵਿੱਚ ੨੨ ਭੇਖੀ-ਗੁਰੂ ਮੰਜੀਆਂ ਲਗਾ ਕੇ ਬੈਠ ਗਏ, ਜਿਨ੍ਹਾਂ ਵਿਚੋਂ ਧੀਰ ਮੱਲ ਮੁਖੀ ਸੀ। ਈਰਖਾ ਵਸ ਉਸ ਨੇ ਸ਼ੀਹੇਂ ਮਸੰਦ ਰਾਹੀਂ ਗੁਰੂ ਸਾਹਿਬ ਉਤੇ ਗੋਲੀ ਵੀ ਚਲਵਾਈ, ਜਿਸ ਨਾਲ ਗੁਰੂ ਸਾਹਿਬ ਦਾ ਮੋਢਾ ਮਾਮੂਲੀ ਜਿਹਾ ਜ਼ਖਮੀ ਹੋ ਗਿਆ। ਸ਼ਸਤਰ-ਧਾਰੀ ਸ਼ਰਧਾਲੂ ਸਿੱਖ ਮੌਕੇ ਤੇ ਪੁੱਜ ਜਾਣ ਕਰਕੇ ਗੁਰੂ-ਧਰੋਹੀ ਭੱਜ ਗਏ ਤੇ ਜਾਂਦਿਆਂ ਹੋਇਆਂ ਆਪਣਾ ਮਾਲ-ਸਾਮਾਨ ਵਿਚੇ ਹੀ ਛੱਡ ਗਏ। ਪਰ ਖਿਮਾਂ ਦੇ ਮਾਲਕ ਤੇ ਸ਼ਾਂਤੀ ਦੇ ਦੂਤ ਸਤਿਗੁਰੂ ਨੇ ਨਾ ਸਿਰਫ ਉਹਨਾਂ ਨੂੰ ਖਿਮਾਂ ਹੀ ਕਰ ਦਿੱਤਾ, ਸਗੋਂ ਧੀਰ ਮੱਲ ਆਦਿ ਗੁਰ-ਧਰੋਹੀਆਂ ਦੀਆਂ ਵਸਤੂਆਂ ਵੀ ਮੁੜਵਾ ਦਿੱਤੀਆ। ਸ਼ਾਂਤੀ ਤੇ ਖਿਮਾਂ ਦੀ ਇਸ ਤੋਂ ਵੱਡੀ ਉਦਾਹਰਣ ਕੀ ਹੋ ਸਕਦੀ ਹੈ ਕਿ ਜਾਨੀ-ਸ਼ਤਰੂਆਂ ਨੂੰ ਵੀ ਵਿਸ਼ਾਲ ਹਿਰਦੇ ਦੀ ਵਿਸ਼ਾਲਤਾ ਦੁਆਰਾ ਖਿਮਾਂ ਕਰ ਦਿੱਤਾ ਤੇ ਮੱਥੇ ਵੱਟ ਤੱਕ ਨਾ ਪਾਇਆ।

ਇਹੋ ਜਿਹੀ ਖੂਬੀ ਐਂਵੇ ਨਹੀਂ ਆ ਜਾਂਦੀ ਸਗੋਂ ਇਹ ਕੁਝ, ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸਦਾ ਜੀਵਨ ਟੀਚਾ ਬਹੁਤ ਮਹਾਨ ਹੋਵੇ। ਆਪਣੀਆਂ ਭਾਵਨਾਵਾਂ ਉੱਤੇ ਕਾਬੂ ਹੋਣਾ, ਮਨੁੱਖੀ-ਮਨ ਦੀ ਇਕ ਬੜੀ ਵੱਡੀ ਪ੍ਰਾਪਤੀ ਹੈ। ਜਦੋਂ ਗੁਰੂ ਸਾਹਿਬ ਬਾਬਾ ਬਕਾਲਾ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਦਿਲ ਦੇ ਖੋਟੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਲਏ ਤਾਂ ਸ਼ਾਂਤੀ ਦੇ ਮੁਜਸਮੇ ਸਤਿਗੁਰੂ ਤੇਗ ਬਹਾਦਰ ਜੀ ਨੇ ਬਾਹਰ ਬੈਠ ਕੇ ਹੀ ਆਪਣੇ ਅਕੀਦਤ ਦੇ ਫੁੱਲ ਭੇਂਟ ਕੀਤੇ ਅਤੇ ਸਿੱਖ-ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਵੱਲੇ ਪਿੰਡ ਆ ਦਰਸ਼ਨ ਦਿਤੇ। ਅਜਿਹਾ ਕੁਝ ਉਹ ਮਹਾਨ ਵਿਅਕਤੀ ਹੀ ਕਰ ਸਕਦਾ ਹੈ, ਜਿਸ ਨੇ ਮਨ ਵਿੱਚ ਇਹ ਤੱਤ ਕੱਢਿਆ ਹੋਵੇ ਕਿ ਦੁੱਖ ਤੇ ਸੁੱਖ ਵਿੱਚ, ਇਕ ਸਮਾਨ ਰਹਿਣਾ ਹੈ ਤੇ ਜਿਸਦੇ ਲਈ ਮਾਨ ਤੇ ਅਪਮਾਨ ਵਿੱਚ ਕੋਈ ਅੰਤਰ ਨਹੀਂ। ਆਪ ਜੀ ਦਾ ਹੀ ਕਥਨ ਹੈ।

"ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ" ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥" (ਪੰਨਾ–੨੧੯)

ਵੱਲੇ ਤੋਂ ਸੰਗਤਾਂ ਨੂੰ ਗੁਰ - ਉਪਦੇਸ਼ ਦੇ ਕੇ ਜਦ ਆਪ ਕੀਰਤਪੁਰ ਵੱਲ ਜਾਣ ਦੇ ਇਰਾਦੇ ਨਾਲ ਉਧਰ ਗਏ ਤਾਂ ਮੋਹ ਮਾਇਆ'ਚ ਗ੍ਰਸੇ ਹੋਏ, ਈਰਖਾ ਤੇ ਸਾੜੇ ਨਾਲ ਤਪਦੇ-ਲੁਝਦੇ ਧੀਰਮੱਲ ਨੇ ਜਦ ਰੋਕ ਪਾਈ ਤਾਂ ਸ਼ਾਂਤੀ ਦੇ ਪੁੰਜ ਸਤਿਗੁਰੂ ਨੇ ਕਹਿਲੂਰ ਰਿਆਸਤ ਦੇ ਰਾਜੇ ਪਾਸੋਂ ੨੨੦੦ ਰੁਪਏ ਦੀ ਜਗ੍ਹਾ ਮੁੱਲ ਲੈ ਕੇ ਉਥੇ ਆਪਣੇ ਮਾਤਾ ਜੀ ਦੇ ਨਾਂ ਉਤੇ "ਨਾਨਕੀ ਚੱਕ" ਨਾਂ ਦਾ ਨਵਾਂ ਨਗਰ ਆਬਾਦ ਕੀਤਾ ਜੋ ਹੁਣ ਆਨੰਦਪੁਰ ਸਾਹਿਬ ਦੇ ਨਾਂ ਨਾਲ ਜਗਤ ਪ੍ਰਸਿੱਧ ਹੈ। ਆਪ ਸਦਾ ਹੀ ਝਗੜੇ ਤੇ ਵਿਵਾਦ ਤੋਂ ਮੁਕਤ ਰਹਿਣਾ ਚਾਹੁੰਦੇ ਸਨ, ਕਿਉਂਕਿ ਆਪ ਅਮਨ ਤੇ ਸ਼ਾਂਤੀ ਦੇ ਚਾਹਵਾਨ ਸਨ। ਆਪ ਜੀ ਦਾ ਜੀਵਨ-ਦਰਸ਼ਨ ਕਿਸੇ ਅਗਿਆਤ ਕਵੀ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਪਤਾ ਲੱਗ ਜਾਂਦਾ ਹੈ, ਜਿਨ੍ਹਾਂ ਵਿੱਚ ਕਵੀ ਨੇ ਮਨੁੱਖੀ-ਮਨ ਨੂੰ ਪ੍ਰਭੂ ਦੇ ਚਰਨ-ਕੰਵਲਾਂ ਨਾਲ ਜੋੜਨ, ਮਨ ਦੀਆਂ ਬੁਰਿਆਈਆਂ ਨੂੰ ਗੁਰਸ਼ਬਦ ਦੁਆਰਾ ਹੋੜਨ ਅਤੇ ਜਿਨ੍ਹਾਂ ਦੀ ਬਾਂਹ ਫੜੀ ਹੋਵੇ, ਸਿਰ ਦੇ ਕੇ ਵੀ ਉਨ੍ਹਾਂ ਦੀ ਰੱਖਿਆ ਕਰਨ ਅਤੇ ਧਰਮ ਉਤੇ ਪੱਕੇ ਪੈਰੀਂ ਖੜੋਣ ਦਾ ਜ਼ਿਕਰ ਕੀਤਾ ਗਿਆ ਹੈ। ਉਹ ਤੁਕਾਂ ਇਸ ਤਰ੍ਹਾਂ ਹਨ—

**"ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗਿ ਜੋੜੀਐ ॥ ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹੁ ਮਨ ਹੋੜੀਐ ॥ ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ" ॥ ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋੜੀਐ ॥"**

ਜੀਵਨ ਦੀ ਅਸਥਿਰਤਾ ਬਾਰੇ ਆਪ ਦੇ ਮਨ ਵਿੱਚ ਕੋਈ ਸ਼ੰਕਾ ਨਹੀਂ ਸੀ। ਉਹ ਜਗਤ ਨੂੰ ਮਿਥਿਆ ਸਮਝਦੇ ਹੋਏ, ਪ੍ਰਭੂ ਦੀ ਸ਼ਰਨ ਵਿੱਚ ਆਉਣ ਦੀ ਸਿੱਖਿਆ ਦੇਂਦੇ ਹੋਏ 'ਗਉੜੀ ਮਹਲਾ ੯" ਵਿੱਚ ਫੁਰਮਾਉਂਦੇ ਹਨ—

**"ਸਾਧੋ ਰਚਨਾ ਰਾਮ ਬਨਾਈ" ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥ ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥** (ਪੰਨਾ–੨੧੯)

ਆਪ ਜੀ ਦੀ ਰਚਨਾ ਵਿੱਚ ਮਨੁੱਖੀ-ਰਿਸ਼ਤਿਆਂ ਬਾਰੇ ਬੜਾ ਯਥਾਰਥਕ ਬਿਆਨ ਹੈ, ਉਨ੍ਹਾਂ ਦਾ ਕਥਨ ਹੈ ਕਿ ਸੰਸਾਰੀ ਰਿਸ਼ਤੇਦਾਰ ਕੇਵਲ ਸੁੱਖ ਦੇ ਹੀ ਭਾਈਵਾਲ ਹਨ, ਬਿਪਤਾ ਪੈਣ ਤੇ ਕੋਈ ਨੇੜੇ ਨਹੀਂ ਢੁੱਕਦਾ। ਆਪ

ਦਾ ਉਪਦੇਸ਼ ਹੈ ਕਿ ਕਿਸੇ ਨਾਸ਼ਵਾਨ-ਆਸਰੇ ਦੀ ਥਾਂ ਅਬਿਨਾਸੀ ਵਾਹਿਗੁਰੂ ਦਾ ਆਸਰਾ ਲੈਣਾ ਚਾਹੀਦਾ ਹੈ-

(੧) "ਜਗਤ ਮੈ ਝੂਠੀ ਦੇਖੀ ਪ੍ਰੀਤਿ ।। ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ।। ੧ ।। ਰਹਾਉ ।।" (ਪੰਨਾ-੫੩੬)

(੨) ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ।। ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ, ਦੇਖਿ ਤਾਸਿ ਉਠਿ ਧਾਵੈ ।। ੧ ।।" (ਪੰਨਾ–੨੧੯)

(੩) ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ।। ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ।। ੧ ।। (ਪੰਨਾ–੬੩੧)

ਗੁਰੂ ਸਾਹਿਬ ਦਾ ਮਹਾਨ ਆਦਰਸ਼ ਹੈ ਕਿ ਮਨੁੱਖ ਨੂੰ ਮੌਤ ਨੂੰ ਸਦਾ ਯਾਦ ਤਾਂ ਰੱਖਣਾ ਚਾਹੀਦਾ ਹੈ ਪਰ ਉਸ ਤੋਂ ਡਰਨਾ ਨਹੀਂ ਚਾਹੀਦਾ । ਮੌਤ ਤਾਂ ਅੱਟਲ ਸਚਾਈ ਹੈ, ਜੋ ਟਾਲੀ ਨਹੀਂ ਜਾ ਸਕਦੀ, ਫੇਰ ਇਸ ਦੀ ਚਿੰਤਾ ਕਿਉਂ ਕੀਤੀ ਜਾਵੇ । "ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ" ਇਹ ਆਦਰਸ਼ ਆਪ ਨੇ ਸਮੁੱਚੇ ਜੀਵਨ ਵਿੱਚ ਅਪਨਾਈ ਰਖਿਆ । ਇਸੇ ਕਰਕੇ ਉਹ ਸਦਾ ਸ਼ਾਂਤ-ਚਿੱਤ ਰਹਿੰਦੇ ਸਨ । ਇਹੋ ਕਾਰਨ ਹੈ ਕਿ ਮਜ਼ਲੂਮਾਂ ਖਾਤਰ ਆਪਣੀ ਕੁਰਬਾਨੀ ਦੇਣ ਸਮੇਂ ਉਨ੍ਹਾਂ ਨੇ ਰਤਾ ਵੀ ਰੰਜ, ਮਲਾਲ ਜਾਂ ਗਮ ਨਹੀਂ ਕੀਤਾ ਸਗੋਂ ਖਿੜੇ ਮੱਥੇ ਸ਼ਹੀਦੀ ਦਿੱਤੀ । ਨਿਰਭੈ ਮਨੁੱਖ ਨੂੰ ਹੀ ਉਹ ਗਿਆਨੀ ਮੰਨਦੇ ਹਖ। ਉਹ ਆਪ ਬ੍ਰਹਮ ਗਿਆਨੀ ਸਨ, ਜਿਨ੍ਹਾਂ ਦੀ ਦ੍ਰਿਸ਼ਟੀ ਸਮਸਰ ਸੀ, ਜੋ ਦੁਖ-ਸੁਖ, ਮਾਨ-ਅਪਮਾਨ, ਹਰਖ-ਸੋਗ ਵਿੱਚ ਇਕ ਸਮਾਨ ਰਹਿ ਕੇ ਸਾਡੇ ਲਈ ਪੂਰਨੇ ਪਾ ਗਏ । ਇਸ ਬਾਰੇ ਉਨ੍ਹਾਂ ਆਪਣੀ ਰਚਨਾ ਵਿੱਚ ਥਾਂ-ਥਾਂ ਬਿਆਨ ਕੀਤਾ ਹੈ, ਜਿਵੇਂ–

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ।। ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।। ੧ ।। ਰਹਾਉ ।।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।। ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।।" (ਪੰਨਾ–੬੩੩)

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ।। ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ।। ੧ ।। (ਪੰਨਾ–੧੩੫੩)

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ।।
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ।।
(ਪੰਨਾ–੧੪੨੬)

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ।।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ।।
(ਪੰਨਾ–੧੪੨੭)

ਗੁਰੂ ਸਾਹਿਬ ਦੇ ਸਾਹਮਣੇ ਉਨ੍ਹਾਂ ਦੇ ਪਿਆਰੇ ਸਿੱਖ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ, ਪਰ ਆਪ ਸਦਾ ਦੀ ਤਰ੍ਹਾਂ ਅਡੋਲ ਤੇ ਸ਼ਾਂਤ ਚਿੱਤ ਰਹੇ । ਆਪ ਨੇ ਕਿਸੇ ਨੂੰ ਕੌੜਾ ਸ਼ਬਦ ਨਹੀ ਆਖਿਆ, ਸ਼ਰਾਪ ਨਹੀਂ ਦਿੱਤਾ, ਸਗੋਂ ਆਪਣੀ ਸ਼ਹੀਦੀ ਵੀ ਅਡੋਲ ਰਹਿ ਕੇ ਦਿੱਤੀ । ਸਮ ਦ੍ਰਿਸ਼ਟੀ ਵਾਲੇ ਮਹਾਂ ਪੁਰਸ਼ਾਂ ਲਈ ਹਰਖ-ਸੋਗ ਨਹੀਂ ਹੁੰਦਾ, ਉਹ ਕਿਸੇ ਨੂੰ ਵੀ ਵੈਰੀ ਨਹੀਂ ਸਮਝਦੇ । ਆਪਨੇ ਰਜ਼ਾ ਵਿੱਚ ਰਾਜ਼ੀ ਰਹਿ ਕੇ ਆਪਣਾ ਬਚਨ ਸਿੱਧ ਕਰ ਵਿਖਾਇਆ-

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ।।
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ।। ੧੫ ।।

ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਸਰਬ-ਵਿਆਪਕਤਾ ਉਤੇ ਪੂਰਨ ਨਿਸ਼ਚਾ ਸੀ । ਇਸੇ ਲਈ ਉਹ ਵਾਹਿਗੁਰੂ ਨੂੰ ਸਰਬਤ ਵਿੱਚ ਰਵਿਆ ਮੰਨ ਕੇ ਬਾਹਰ ਖੋਜਣ ਦੀ ਕ੍ਰਿਆ ਨੂੰ ਗਲਤ ਕਹਿੰਦੇ ਫੁਰਮਾਉਂਦੇ ਹਨ–

"ਕਾਹੇ ਰੇ ਬਨ ਖੋਜਨ ਜਾਈ ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ।। ੨ ।। ਰਹਾਉ ।।
(ਪੰਨਾ-੬੮੪)

ਆਪ ਦਾ ਇਹ ਵਿਚਾਰ ਵੀ ਹੈ ਕਿ ਜੋ ਵਿਅਕਤੀ ਮੋਹ-ਮਮਤਾ, ਲੋਭ, ਅਹੰਕਾਰ ਆਦਿ ਨੂੰ ਤਿਆਗ ਸਕਦਾ ਹੈ, ਉਹ ਹੀ ਸਫਲਤਾ ਪ੍ਰਾਪਤ ਕਰਕੇ ਦੂਜਿਆਂ ਦਾ ਉਧਾਰ ਕਰ ਸਕਦਾ ਹੈ । ਮੋਹ-ਮਾਇਆ ਦਾ ਤਿਆਗ ਆਪਦਾ ਜੀਵਨ ਆਦਰਸ਼ ਹੈ--

"ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ।। ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ।। ੨੨ ।।"
(ਸਲੋਕ ਮਹਲਾ ੯)

ਗੁਰੂ ਸਾਹਿਬ ਦਾ ਚਰਿੱਤਰ ਬੜਾ ਹੀ ਵਚਿੱਤਰ ਤੇ ਅਲੌਕਿਕ ਹੈ। ਉਹ ਸੁਭਾਅ ਦੇ ਸ਼ਾਂਤ ਤੇ ਵੈਰਾਗਵਾਨ ਹੁੰਦੇ ਹੋਏ ਵੀ ਤੇਗ ਦੇ ਧਨੀ ਸਨ । ਕਰਤਾਰਪੁਰ ਦੀ ਲੜਾਈ ਵਿੱਚ ਬੀਰਤਾ ਵਿਖਾਉਣ ਬਦਲੇ ਆਪ ਨੇ ਆਪਣੇ ਪਿਤਾ ਜੀ ਤੋਂ ਤੇਗ ਬਹਾਦਰ" ਦੀ ਉਪਾਧੀ ਪ੍ਰਾਪਤ ਕੀਤੀ । ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ । ਆਪ ਵੀਹ ਸਾਲ ਦੇ ਲੰਮੇ ਸਮੇਂ ਲਈ ਕਰਮ-ਖੇਤਰ ਚੋਂ ਲਾਂਭੇ ਰਹੇ । ਕਈ ਇਤਿਹਾਸਕਾਰਾਂ ਨੇ ਗੁਰੂ ਜੀ ਦਾ ਵੈਰਾਗਮਈ ਸੁਭਾਅ ਵੇਖ ਕੇ ਲਿਖਿਆ ਹੈ ਕਿ ਉਹ ਦੁਨੀਆਂ ਤੋਂ ਅਲੋਪ ਤੇ ਇਕਾਂਤ ਰਹਿ ਕੇ ਜੀਵਨ ਬਤੀਤ ਕਰ ਰਹੇ ਸਨ । ਪਰ ਗੱਲ ਅਸਲ ਵਿੱਚ ਇਹ ਜਾਪਦੀ ਹੈ ਕਿ ਆਪ ਸੋਚਵਾਨ ਤੇ ਇਕਾਂਤਵਾਸੀ ਜ਼ਰੂਰ ਸਨ ਪਰ ਆਪਣੇ ਕਰੱਤਵ ਤੋਂ ਅਵੇਸਲੇ ਨਹੀਂ ਸਨ । ਬਕਾਲੇ ਵਿੱਚ ਬਿਤਾਏ ਵੀਹ ਸਾਲ ਆਪ ਨੇ ਉਪਰਾਮਤਾ ਵਿੱਚ ਹੀ ਨਹੀਂ ਬਿਤਾਏ, ਸਗੋਂ ਉਹ ਘਰੋਗੀ-ਫੁੱਟ ਤੇ ਦੇਸ਼ ਦੀ

ਤਰਸਯੋਗ ਹਾਲਤ ਨੂੰ ਵਾਚਦੇ ਰਹੇ ਤੇ ਆਉਣ ਵਾਲੇ ਸਮੇਂ-ਲਈ ਯੋਜਨਾ ਤਿਆਰ ਕਰਦੇ ਰਹੇ । ਉਹ ਸਮਝਦੇ ਸਨ ਕਿ ਅਜਿਹੀ ਹਾਲਤ ਵਿੱਚ ਜੇ ਲੋਕ ਬਹੁਤਾ ਚਿਰ ਰਹੇ ਤਾਂ ਉਹਨਾਂ ਅੰਦਰ ਹੀਣ-ਭਾਵ ਪੈਦਾ ਹੋ ਜਾਵੇਗਾ ਤੇ ਫਲਸਰੂਪ ਜ਼ੁਲਮ ਦੀ ਹੋਰ ਚੜ੍ਹ ਮੱਚੇਗੀ ਪਰ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਕਹਿਣ ਵਾਲੇ ਸਤਿਗੁਰੂ ਭਲੀ-ਭਾਂਤ ਸਮਝਦੇ ਸਨ ਕਿ ਜੇਕਰ ਜਬਰ ਦਾ ਟਾਕਰਾ ਸਬਰ ਨਾਲ ਬਹੁਤਾ ਚਿਰ ਨਾ ਹੋ ਸਕੇ ਤਾਂ ਕੁਰਬਾਨੀ ਹੀ ਇੱਕ ਐਸਾ ਢੰਗ ਹੈ, ਜਿਸ ਨਾਲ ਮੁਰਦਾ ਰੂਹਾਂ ਵਿੱਚ ਨਵਾਂ ਜੀਵਨ ਪੈਦਾ ਕੀਤਾ ਜਾ ਸਕਦਾ ਹੈ । ਉਹ "**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਏ**" ਦੇ ਦ੍ਰਿੜ ਵਿਸ਼ਵਾਸੀ ਸਨ । ਆਪ ਨੇ ਆਪਣੇ ਜੀਵਨ ਦਾ ਬਹੁ-ਮੁੱਲਾ ਸਮਾਂ ਬਕਾਲੇ ਬੈਠ ਕੇ ਆਉਣ ਵਾਲੇ ਸਮੇਂ ਲਈ ਯੋਜਨਾ ਤਿਆਰ ਕੀਤੀ । ਆਪ ਨੇ ਹਾਲਾਤ ਦਾ ਜਾਇਜ਼ਾ ਲੈ ਕੇ ਲੋੜੀਂਦਾ ਮਨਸੂਬਾ ਤਿਆਰ ਕੀਤਾ । ਗੁਰ-ਗੱਦੀ ਤੇ ਬਿਰਾਜਮਾਨ ਹੋਣ ਉਪ੍ਰੰਤ ਸਿੱਖ-ਜਥੇਬੰਦੀ ਨੂੰ ਸੰਗਠਿਤ ਕਰਨ ਵੱਲ ਉਚੇਚਾ ਧਿਆਨ ਦਿੱਤਾ ।

ਡਾ: ਖਜ਼ਾਨ ਸਿੰਘ ਨੇ ਲਿਖਿਆ ਹੈ, "ਔਰੰਗਜ਼ੇਬ ਦੀ ਅਸਹਿਣਸ਼ੀਲਤਾ ਦੀ ਨੀਤੀ ਤੇ ਨਿਰਦੋਸ਼ ਲੋਕਾਂ ਉਤੇ ਕੀਤੇ ਜਾਂਦੇ ਜ਼ੁਲਮਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਕੋਮਲ ਹਿਰਦੇ ਤੇ ਕਰੜੀ ਸੱਟ ਮਾਰੀ ਤੇ ਉਨ੍ਹਾਂ ਨੇ ਨਿਰਦੋਸ਼ ਲੋਕਾਂ ਦੇ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਦਾ ਮਨ ਬਣਾ ਲਿਆ ।"

ਆਪ ਜੀ ਨੇ ਲੋਕਾਂ ਦੇ ਦਿਲਾਂ ਅੰਦਰ ਧਾਰਮਿਕ ਆਜ਼ਾਦੀ ਲਈ ਉਤਸ਼ਾਹ ਪੈਦਾ ਕਰ ਦਿੱਤਾ । ਜ਼ਾਲਮ ਨੌਕਰਸ਼ਾਹੀ ਇਹ ਸਹਿਣ ਨਾ ਕਰ ਸਕੀ ਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਗਿਆ । ਆਪ ਉਤੇ ਅਣ-ਮਨੁੱਖੀ ਅਤਿਆਚਾਰ ਕੀਤੇ ਗਏ ਤੇ ਅੰਤ ਆਪ ਜੀ ਨੂੰ ੧੬੭੫ ਵਿੱਚ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ । ਜਿਨ੍ਹਾਂ ਧਾਰਮਿਕ ਚਿੰਨ੍ਹਾਂ ਵਿੱਚ ਆਪ ਕੋਈ ਵਿਸ਼ਵਾਸ ਨਹੀਂ ਸਨ ਰੱਖਦੇ, ਉਨ੍ਹਾਂ ਚਿੰਨ੍ਹਾਂ ਦੀ ਖਾਤਰ ਆਪ ਨੇ ਸ਼ਹੀਦੀ ਦੇ ਕੇ ਸਿੱਧ ਕਰ ਦਿੱਤਾ ਕਿ ਆਪ ਮਜ਼ਲੂਮਾਂ ਦੇ ਸਹਾਇਕ ਸਨ। ਇਹ ਸ਼ਹੀਦੀ ਹਿੰਦੂਆਂ ਦੇ ਧਾਰਮਿਕ ਹੱਕਾਂ (freedom of worship) ਦੀ ਆਜ਼ਾਦੀ ਲਈ ਕੀਤੀ ਗਈ ਲਾ-ਜਵਾਬ ਕੁਰਬਾਨੀ ਸੀ । ਅੱਜ ਤੱਕ ਕਿਸੇ ਨੇ ਇਹ ਨਹੀਂ ਸੀ ਸੁਣਿਆ ਕਿ ਮਕਤੂਲ ਆਪ ਚੱਲ ਕੇ ਕਾਤਲ ਪਾਸ ਗਿਆ ਹੋਵੇ, ਪਰ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦੀ ਦੇਣ ਲਈ ਆਪ ਅਨੰਦਪੁਰ ਤੋਂ ਦਿੱਲੀ ਪੁੱਜੇ ਸਨ । ਆਪ ਦੀ ਇਸ ਲਾਸਾਨੀ ਕੁਰਬਾਨੀ ਸਦਕਾ ਹੀ ਸਿੱਖ ਅਰਦਾਸ ਵਿੱਚ ਉਨ੍ਹਾਂ ਬਾਰੇ ਵਿਸ਼ੇਸ਼ ਸ਼ਬਦਾਂ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ--

"**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ, ਸਭ ਥਾਈਂ ਹੋਇ ਸਹਾਇ ।**"

ਗੁਰੂ ਤੇਗ ਬਹਾਦਰ ਸਾਹਿਬ ਮਾਨਸਿਕ ਤੌਰ ਤੇ ਨਿਡਰ ਸੂਰਮੇ ਸਨ । ਆਪ ਦਾ ਜੀਵਨ ਅਨੁਭਵ ਬਹੁਤ ਡੂੰਘਾ ਤੇ ਵਿਸ਼ਾਲ ਸੀ । ਉਹ ਵਿਸ਼ੇਸ਼ ਤੇ ਵਿਲੱਖਣ, ਗੰਭੀਰ ਸੁਭਾਅ ਵਾਲੇ, ਭਗਤੀਰਸ ਨਾਲ ਓਤ ਪੋਤ, ਮੋਹ-ਮਾਇਆ ਤੋਂ ਨਿਰਲੇਪ, ਸਾਦਾ-ਮਿਜ਼ਾਜ, ਨਿਰਭੈ ਤੇ ਅਡੋਲ, ਸੂਰਬੀਰ, ਤੇਗ ਦੇ ਧਨੀ, ਧਰਮ-ਰਖਿਅਕ, ਦੁੱਖ-ਸੁੱਖ ਤੇ ਈਰਖਾ-ਦਵੈਤ ਤੋਂ ਮੁਕਤ, ਪਰਉਪਕਾਰੀ, ਮਾਨਵ-ਹਿਤਕਾਰੀ, ਕਵੀ ਸ਼ਾਂਤੀ ਦੇ ਦੂਤ ਤੇ ਕੁਰਬਾਨੀ ਦੇ ਪੁੰਜ ਸਨ ।

ਐਸੇ ਸਤਿਗੁਰੂ ਜੀ ਦਾ ਜਨਮ ੧੬੨੧ ਵਿੱਚ ਮਾਤਾ ਨਾਨਕੀ ਜੀ ਦੀ ਕੁਖੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ "ਗੁਰੂ ਕੇ ਮਹਿਲ" ਅੰਮ੍ਰਿਤਸਰ ਵਿੱਚ ਹੋਇਆ । ਆਪ ਦੀ ਸ਼ਾਦੀ ਕਰਤਾਰਪੁਰ ਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ ੧੬੩੩ ਵਿੱਚ ਹੋਈ । ੧੬੪੪ ਵਿੱਚ ਉਹ ਆਪਣੇ ਮਾਤਾ ਜੀ ਤੇ ਸਪੁਤਨੀ ਨਾਲ ਬਕਾਲੇ ਪਿੰਡ ਆ ਗਏ, ਜਿਥੇ ਆਪ ਨੇ ੨੦ ਸਾਲ ਚਿੰਤਨ ਤੇ ਤਪੱਸਿਆ ਕੀਤੀ । ੧੬੬੪ ਵਿੱਚ ਆਪ ਜੀ "ਬਾਬਾ ਬਕਾਲੇ" ਦੇ ਵਾਕ ਅਨੁਸਾਰ ਗੁਰ-ਗੱਦੀ ਉਤੇ ਬਿਰਾਜਮਾਨ ਹੋਏ । ੧੬੬੬ ਵਿੱਚ ਪਟਨਾ (ਬਿਹਾਰ) ਦੇ ਸਥਾਨ ਤੇ ਆਪਦੇ ਘਰ ਸਹਿਬਜ਼ਾਦਾ ਗੋਬਿੰਦ ਰਾਏ ਨੇ ਜਨਮ ਲਿਆ । ੧੬੭੫ ਵਿੱਚ ਆਪ ਨੇ ਚਾਂਦਨੀ ਚੌਂਕ ਦਿੱਲੀ ਵਿਖੇ ਹਿੰਦੂ ਧਰਮ ਦੀ ਖਾਤਰ ਆਪਣਾ ਬਲੀਦਾਨ ਦਿੱਤਾ । ਆਪ ਜੀ ਨੂੰ "ਹਿੰਦ ਦੀ ਚਾਦਰ" ਕਿਹਾ ਜਾਂਦਾ ਹੈ ਕਿਉਂਕਿ ਆਪਨੇ ਹਿੰਦੂ ਧਰਮ ਦੀ ਰਖਿਆ ਕੀਤੀ ਸੀ। ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਆਪਣਾ ਬਲੀਦਾਨ ਦਿੱਤਾ ਸੀ। ਸਮੁੱਚੇ ਭਾਰਤ ਤੇ ਖਾਸ ਕਰਕੇ ਕਸ਼ਮੀਰੀ ਬ੍ਰਾਹਮਣਾਂ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਸਾਹਿਬ ਦੀ ਕੀਤੀ ਲਾਸਾਨੀ ਕੁਰਬਾਨੀ ਨੂੰ ਸਦਾ ਚੇਤੇ ਰੱਖ ਕੇ ਆਪਦੇ ਦੱਸੇ ਮਾਰਗ ਤੇ ਚਲ ਕੇ ਆਪਣਾ ਕਲਿਆਣ ਵੀ ਕਰਨ ਤੇ ਸਿਰ ਉਤੇ ਚੜ੍ਹੇ ਕਰਜ਼ ਨੂੰ ਯਾਦ ਵੀ ਰੱਖਣ ।

**ਜ਼ਰੂਰੀ ਬੇਨਤੀ** : ੧. ਸਾਡੀ ਜਲਦੀ ਤੋਂ ਜਲਦੀ ਪਰਚਾ ਪਾਠਕਾਂ ਪਾਸ ਪਹੁੰਚਾਉਣ ਦੀ ਕੋਸ਼ਿਸ਼ ਦੇ ਬਾਵਜੂਦ ਡਾਕਖਾਨੇ ਦੇ ਕਈ ਕਾਰਨਾਂ ਕਰਕੇ ਕਈ ਵਾਰੀ ਡਾਕ ਲੇਟ ਪਹੁੰਚ ਦੀ ਹੈ ਜਾਂ ਗੁੰਮ ਹੋ ਜਾਂਦੀ ਹੈ । ਸੋ ਜੇਕਰ ਆਪ ਜੀ ਨੂੰ ੨੦ ਤਰੀਕ ਤੱਕ ਪਰਚਾ ਨਾ ਪਹੁੰਚੇ ਤਾਂ ਕ੍ਰਿਪਾ ਕਰਕੇ ਖਤ ਲਿਖੋ । ਆਪ ਜੀ ਨੂੰ Duplicate ਕਾਪੀ ਅਗਲੇ ਮਹੀਨੇ ਦੇ ਪਰਚੇ ਨਾਲ ਭੇਜ ਦਿੱਤੀ ਜਾਵੇਗੀ।
੨. ਕੋਈ ਵੀ ਚਿੱਠੀ ਪੱਤਰ ਕਰਨ ਲਗਿਆਂ ਆਪਣਾ ਚਿੱਟ ਨੰਬਰ, ਪੂਰਾ ਪਤਾ ਅਤੇ ਚਿੱਠੀ ਲਿਖਣ ਦੀ ਤਾਰੀਖ ਜ਼ਰੂਰ ਲਿਖੋ ਜੀ ।


www.AKJ.Org

# "ਤੀਰਥੁ ਪੂਰਾ ਸਤਿਗੁਰੂ"

ਹਰਿਬੰਸ ਸਿੰਘ ਤੇਗ ਗਿਆਨੀ (ਯੂ. ਕੇ.)

ਤੀਰਥ –ਕੀ ਹੁੰਦਾ ਹੈ ?

ਹਿੰਦੂ ਮੱਤ ਅਨੁਸਾਰ ਉਹ ਥਾਂ ਜਾਂ ਸਥਾਨ ਜਿਥੇ ਲੋਕੀਂ ਧਰਮ-ਭਾਵ ਨਾਲ ਯਾਤਰਾ ਨੂੰ ਜਾਣ, ਉਥੇ ਜਾ ਕੇ ਪੂਜਾ ਜਾਂ ਇਸ਼ਨਾਨ ਆਦਿ ਕਰਕੇ ਧਰਮ ਦੀ ਸਿਖਿਆ ਨੂੰ ਲੈਣ ਦੇ ਚਾਹਵਾਨ ਹੋਣ ।

ਹਿੰਦੂਆਂ ਨੇ ਮੁਖ ਰੂਪ ਵਿੱਚ ਅਠਾਹਠ (੬੮) ਤੀਰਥ ਮੰਨੇ ਹਨ। ਪ੍ਰੰਤੂ ਹਿੰਦੂਆਂ ਦੇ ਵੱਖਰੇ ਵੱਖਰੇ ਗ੍ਰੰਥਾਂ ਵਿੱਚ ਵੱਖੋ - ਵੱਖ ਗਿਣਤੀ ਅਤੇ ਨਾਮ ਲਿਖੇ ਹੋਏ ਹਨ। ਕੋਈ ਪਰਮਾਣੀਕ-ਸੂਚੀ ਇਨ੍ਹਾਂ ੬੮ ਤੀਰਥਾਂ ਦੀ ਨਹੀਂ ਹੈ ।

ਪੰਡਤ ਤਾਰਾ ਸਿੰਘ ਜੀ ਨਰੋਤਮ ਨੇ ਇਕ ਇਕ ਤੀਰਥ ਵਿਚੋਂ ਹੋਰ ਹੋਰ ਕਈ ਤੀਰਥ ਹੋਣੇ ਦੱਸੇ ਹਨ । ਕਈ ਕਈ ਸੈਂਕੜੇ ਤੀਰਥਾਂ ਦੀ ਗਿਣਤੀ, ਬਲਕਿ ਤਿੰਨ ਕਰੋੜ ਤੀਰਥਾਂ ਬਾਰੇ ਬਹੁਤੇ ਸਹਿਮਤ ਹਨ । ਕਿਉਂ ਕਿ ਉਨ੍ਹਾਂ ਦਾ ਵੀਚਾਰ ਹੈ ਕਿ ਜਿਥੇ ਜਿਥੇ ਭੀ ਕੋਈ ਮਹਾਤਮਾ ਜਨ ਭਜਨ-ਪਾਠ ਜਪ ਤਪ ਕਰੇ ਓਹੀ ਧਰਤੀ ਤੀਰਥ ਹੈ, ਭਾਵ ਪ੍ਰੇਰਨਾ ਦੇਣ ਦਾ ਸਾਧਨ ਬਣ ਜਾਂਦੀ ਹੈ ਉਹ ਵਿਅਕਤੀ ਅਤੇ ਉਹ ਥਾਂ ਭੀ ਸੁਹਾਵਣਾ ਹੋ ਜਾਂਦਾ ਹੈ ।

ਹਿੰਦੂ ਗ੍ਰੰਥਾਂ ਅਨੁਸਾਰ ਬਹੁ-ਪ੍ਰਕਾਰੀ ਗਿਣਤੀ ਹੈ । ਪ੍ਰੰਤੂ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਕਪਿਲ ਤੰਤ੍ਰ ਸ਼ਾਸਤਰ ਅਨੁਸਾਰ ਇਹ ੬੮ ਨਾਮ ਲਿਖੇ ਹਨ । ਜਦਕਿ ਨਰੋਤਮ ਜੀ ਨੇ ਵੱਖਰੀ ਸੂਚੀ ਦੱਸੀ ਹੈ । ਸ਼ਿਵ ਪੁਰਾਣ ਵਿੱਚ ਇਨ੍ਹਾਂ ਤੀਰਥਾਂ ਦੀ ਗਿਣਤੀ ਛੇ ਕਰੋੜ ਛੇ ਹਜ਼ਾਰ ਦੱਸੀ ਗਈ ਹੈ । (ਹਵਾਲਾ ਡਾ: ਬਲਵੀਰ ਸਿੰਘ ਜੀ) ਸੋ ਇਸ ਉਪਰੋਕਤ ਨੂੰ ਪੜ੍ਹ ਕੇ ਇਹ ਕਿਹਾ ਜਾ ਸਕਦਾ ਹੈ ਕਿ ਅਠਸਠਿ (੬੮) ਤੀਰਥ ਇਕ ਤਰ੍ਹਾਂ ਦਾ ਪ੍ਰਤੀਕ ਹੈ ਸਾਰੇ ਤੀਰਥਾਂ ਦਾ ਤੀਰਥ ਅਨੇਕਾਂ ਹੀ ਹਨ । ਇਨ੍ਹਾਂ ਅਨੇਕ ਤੀਰਥਾਂ ਬਾਰੇ ਗੁਰਬਾਣੀ ਚੋਂ ਭੀ ਸੰਕੇਤ ਮਿਲਦੇ ਹਨ ਕਿ–

**"ਨਾਵਣ ਕਉ ਤੀਰਥ ਘਣੇ ਮਨ ਬਉਰਾ ਰੇ,**
**ਪੂਜਨ ਕਉ ਬਹੁ ਦੇਵ ।।**
**ਕਹੁ ਕਬੀਰ ਛੂਟਨ ਨਹੀਂ ਮਨ ਬਉਰਾ ਰੇ,**
**ਛੂਟਨ ਹਰਿ ਕੀ ਸੇਵ ।। (ਪੰਨਾ੩੩੬ ਗਉੜੀ ਕਬੀਰ ਜੀ)**

ਇਸੇ ਤਰ੍ਹਾਂ ਹੀ ਇਨ੍ਹਾਂ ਅਖਾਉਤੀ ਤੀਰਥਾਂ ਉਤੇ ਨਿਰੇ ਬਾਹਰਮੁਖੀ ਇਸ਼ਨਾਨ ਕਰਨੇ ਜਾਂ ਜਪ ਤਪ ਕਰਨ ਨਾਲ ਹਉਮੈ ਰੂਪੀ ਮੈਲ ਦੂਰ ਨਹੀਂ ਹੁੰਦੀ ਸਗੋਂ ਹੋਰ ਹਉਮੈ ਚਿੰਬੜਦੀ ਹੈ । ਫੁਰਮਾਨ ਹੈ–

**"ਮਲੁ ਹਉਮੈ ਧੋਤੀ ਕਿਵੈ ਨ ਉਤਰੈ,**
**ਜੇ ਸਉ ਤੀਰਥ ਨਾਇ ।। ਮ: ੩, ਪੰਨਾ–੩੯**

ਤੂੰਬੀ ਜਿਸਦੀ ਮਦਦ ਨਾਲ ਪਾਣੀਆਂ'ਚ ਤਰਨ ਲਈ ਮਦਦ ਮਿਲਦੀ ਹੈ ਬਾਰੇ ਕਬੀਰ ਜੀ ਫੁਰਮਾਉਂਦੇ ਹਨ ਕਿ ਨਿਰੇ ਤੀਰਥਾਂ ਦੇ ਪਾਣੀਆਂ ਨਾਲ ਤਾਂ ਤੂੰਬੀ ਦਾ ਕਉਰਾਪਨ ਭੀ ਦੂਰ ਨਹੀਂ ਹੁੰਦਾ, ਮਨੁੱਖ ਦੀ ਅੰਦਰਲੀ ਮੈਲੁ ਕਿਵੇਂ ਦੂਰ ਹੋ ਸਕਦੀ ਹੈ ?

**ਲਉਕੀ ਅਠਸਠਿ ਤੀਰਥ ਨਾਈ ।।**
**ਕਉਰਾਪਨੁ ਤਊ ਨ ਜਾਈ ।।**

ਸੋਰਠਿ ਕਬੀਰ ਜੀ (ਪੰਨਾ-੬੫੬)

ਸੋ ਇਨ੍ਹਾਂ ਤੀਰਥਾਂ ਬਾਰੇ ਹਿੰਦੂਆਂ ਦਾ ਵੀਚਾਰ ਹੋਰ ਹੈ, ਜੋਗੀਆਂ ਦਾ ਹੋਰ । ਡਾਕਟਰ ਬਲਵੀਰ ਸਿੰਘ ਜੀ ਲਿਖਦੇ ਹਨ ਕਿ "ਤੀਰਥ ਯਾਤਰਾ ਪੌਰਾਣਿਕ ਆਸ਼ਾ ਹੈ । ਜੋਗੀਆਂ ਨੇ ਅੰਦਰਲੇ ਤੀਰਥ ਦਸੇ ਹਨ । ਗੰਗਾ ਜਮੁਨਾ ਸਰਸਵਤੀ ਅਤੇ ਪ੍ਰਯਾਗਮਜ, ਤ੍ਰਿਬੇਣੀ ਸੰਗਮ ਭੀ ਅੰਦਰ ਹੀ ਮੰਨਦੇ ਹਨ। ਅੰਦਰਲੇ ਤੀਰਥਾਂ ਵਿੱਚ ਬਾਹਰਲੇ ਤੀਰਥਾਂ ਵਰਗੀ ਸਥੂਲਤਾ ਭੀ ਨਹੀਂ, ਅੰਦਰਲੇ ਤੀਰਥ ਸੂਖਮ ਦੱਸੇ ਹਨ । ਪ੍ਰੰਤੂ ਗੁਰਬਾਣੀ ਨੇ ਇਨ੍ਹਾਂ ਅੰਦਰਲੇ ਤੀਰਥਾਂ ਦੀ ਸੂਖਮਤਾ ਨੂੰ ਹੋਰ ਕੋਮਲ ਅਤੇ ਮੁਲਾਇਮ ਦਰਸਾਕੇ ਮਾਨਸਕ-ਤੀਰਥਾਂ ਦੇ ਤੱਤ ਨੂੰ ਰੂਹਾਨੀਅਤ ਦੇ ਰੂਪ ਵਿੱਚ ਪ੍ਰਗਟਾਇਆ ਹੈ ।" ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਣ ਹੈ :-

**"ਸਾਲਾਹਿ ਸਾਚੇ ਮੰਨਿ ਸਤਿਗੁਰੁ**
**ਪੁੰਨ ਦਾਨ ਦਇਆ ਮਤੇ ।।"**
**ਪਿਰ ਸੰਗਿ ਭਾਵੈ ਸਹਜਿ ਨਾਵੈ**
**ਬੇਣੀ ਤਾ ਸੰਗਮ ਸਤ ਸਤੇ ।।**

(ਧਨਾਸਰੀ ਮ: ੧, ਪੰਨਾ-੬੮੮)

ਸਤਿਗੁਰੂ ਨੂੰ ਮੰਨ ਕੇ ਪ੍ਰਭੂ ਦੀ ਸਿਫਤ-ਸਲਾਹ, ਇਹੋ ਹੀ ਪੁੰਨ ਦਾਨ ਅਤੇ ਦਇਆਵਾਨ ਹੋਣਾ ਹੈ । ਸਤਿਸੰਗ ਦੀ ਰਾਹੀਂ ਪ੍ਰਭੂ ਨੂੰ ਭਾ ਜਾਣਾ ਹੀ ਤ੍ਰਿਬੇਣੀ ਸੰਗਮ ਦਾ ਸਹਜਿ ਇਸ਼ਨਾਨ ਹੈ । ਇਸ ਪ੍ਰਥਾਏ ਬੇਣੀ ਭਗਤ ਜੀ ਦੇ ਹੇਠ ਲਿਖੀ ਮਾਨਸਕ ਅਵਸਥਾ ਨੂੰ ਰੂਹਾਨੀਅਤ ਅਵਸਥਾ ਹੀ ਪ੍ਰਦਾਨ ਕੀਤੀ ਜਾਪਦੀ ਹੈ ।

**"ਇੜਾ ਪਿੰਗੁਲਾ ਅਉਰ ਸੁਖਮਨਾ**
**ਤੀਨਿ ਬਸਹਿ ਇਕ ਠਾਈ ।।"**
**ਬੇਣੀ ਸੰਗਮੁ ਤਹ ਪਿਰਾਗ ਮਨੁ**
**ਮਜਨੁ ਕਰੇ ਤਿਥਾਈ ।।** (ਰਾਮਕਲੀ ਬੇਣੀ-ਪੰਨਾ-੯੭੪)

ਸੋ ਸਿੱਧ ਹੋਇਆ ਕਿ ਤੀਰਥ ਕੋਈ ਖਾਸ ਸਥਾਨ ਜਾਂ ਪਾਣੀ ਨੂੰ ਨਹੀਂ ਮੰਨਿਆ ਸਗੋਂ ਗੁਰਮਤਿ ਨੇ ਸਾਧ-ਸੰਗਤਿ ਨੂੰ ਹੀ ਸੱਚਾ ਤੀਰਥ ਦਰਸਾਇਆ ਹੈ । ਭਾਵ ਜਦੋਂ ਸਾਧ ਗੁਰੂ ਦੀ ਸੰਗਤ ਹੋ ਜਾਵੇ । ਸਤਿਗੁਰੂ ਤੋਂ ਬਿਨਾਂ ਭਾਵੇਂ ਕੋਈ ਸਾਰੀ

ਧਰਤੀ ਦਾ ਭ੍ਰਮਨ ਕਰ ਲਵੇ, ਅਨੇਕਾਂ ਤੀਰਥਾਂ ਦੇ ਇਸ਼ਨਾਨ ਭੀ ਕਰ ਲਵੇ, ਅੰਦਰਲੀ ਮੈਲ ਜਾਂ ਹਨ੍ਹੇਰਾ ਦੂਰ ਨਹੀਂ ਹੋ ਸਕਦਾ ।

**ਅਠਸਠਿ ਮਜਨ ਕਰਿ ਇਸਨਾਨਾ**
**ਭ੍ਰਮਿ ਆਏ ਧਰ ਸਾਰੀ ।।"**
**ਅਨਿਕ ਸੋਚ ਕਰਹਿ ਦਿਨਰਾਤੀ,**
**ਬਿਨੁ ਸਤਿਗੁਰ ਅੰਧਿਆਰੀ ।।**

(ਮ: ੫, ਗੂਜਰੀ ਪੰਨਾ-੪੯੫)

ਸਤਿਗੁਰੂ ਹੀ ਸੱਚਾ ਤੀਰਥੁ ਹੈ । ਸਤਿਗੁਰੂ ਪਾਸੋਂ ਪ੍ਰਾਪਤ ਹੋਇਆ ਨਾਮ-ਹੀ ਤੀਰਥ ਹੈ । ਸਤਿਗੁਰੂ ਦੇ ਸ਼ਬਦ ਦੀ ਵੀਚਾਰ ਹੀ ਅੰਦਰਲੇ ਅਗਿਆਨ ਹਨ੍ਹੇਰੇ ਨੂੰ ਦੂਰ ਕਰਦੀ ਹੈ ਗਿਆਨ ਬਖਸ਼ਦੀ ਹੈ ।

**"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ।।"**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ।।**

(ਧਨਾਸਰੀ ਮ: ੧, ਪੰਨਾ-੬੮੭)

ਪੂਰਾ ਸਤਿਗੁਰੂ ਹੀ ਸੱਚਾ ਤੀਰਥ ਹੈ । ਜਿਸ ਦੀ ਸੰਗਤਿ ਭਾਵ ਸਤਿ ਸੰਗਤਿ ਚੋਂ ਹੀ ਅੰਦਰਲੀ ਮੈਲ ਦੂਰ ਹੁੰਦੀ ਹੈ ।

**"ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ,**
**ਛਪੜਿ ਨਾਤੈ ਸਗਵੀ ਮਲੁ ਲਾਏ ।।**
**ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ।।** (ਸਲੋਕ ਮ: ੧, ਪੰਨਾ-੧੪੦)

**"ਵਡੈ ਭਾਗਿ ਸਤ ਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ।।**
**ਅਠਸਠਿ ਤੀਰਥ ਮਜਨੁ ਕੀਆ, ਸਤ ਸੰਗਤਿ ਪਗ ਨਾਏ ਧੂਰਿ ।।** (ਮ: ੪, ਪੰਨਾ-੧੧੯੮)

ਸਾਧ-ਸੰਗਤਿ ਦੀ ਧੂੜੀ ਵਿਚ ਕੀਤਾ ਇਸ਼ਨਾਨ ਹੀ ਅਠਸਠਿ ਦਾ ਇਸ਼ਨਾਨ ਹੈ । ਭਾਵ ਹੈ ਕਿ - ਸਾਧ-ਸੰਗਤਿ (ਸਤਿਗੁਰੂ ਦੀ ਸੰਗਤਿ) ਹੀ ਤੀਰਥੁ ਹੈ । ਨਾਮ ਹੀ ਤੀਰਥੁ ਹੈ ।

**" ਨਾਮੁ ਲੈਤ ਸਗਲ ਪੁਰਬਾਇਆ ।।"**
**ਨਾਮੁ ਲੈਤ ਅਠਸਠਿ ਮਜਨਾਇਆ ।।**
**ਤੀਰਥੁ ਹਮਰਾ ਹਰਿ ਕੋ ਨਾਮੁ ।।**
**ਗੁਰਿ ਉਪਦੇਸਿਆ ਤਤੁ ਗਿਆਨੁ ।।**

(ਮ: ੫ ਭੈਰਉ ਪੰਨਾ-੧੧੪੨)

ਬਾਹਰ ਮੁਖੀ ਮੰਨੇ ਜਾਂਦੇ ਤੀਰਥ ਤਾਂ ਸਗੋਂ ਸਾਧੂ ਜਨਾਂ ਦੀ ਧੂੜੀ ਲੋਚਦੇ ਹਨ। ਜੋ ਪਾਪੀ ਲੋਕ ਜਾ ਕੇ ਆਪਣੀ ਮੈਲ ਉਨ੍ਹਾਂ ਤੀਰਥਾਂ ਉਤੇ ਜਾ ਕੇ ਪਾਉਂਦੇ ਹਨ ਉਹ ਮੈਲ ਦੂਰ ਕਰਨ ਲਈ ਸਾਧੂ-ਸੰਗਤ (ਚਰਨਾਂ ਦੀ ਧੂੜੀ) ਚਾਹੁੰਦੇ ਹਨ ।

**"ਗੰਗਾ ਜਮੁਨਾ ਗੋਦਾਵਰੀ ਸਰਸੁਤੀ**
**ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ।।**
**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ,**
**ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ।।**
**ਤੀਰਥਿ ਅਠਸਠਿ ਮਜਨੁ ਨਾਈ।।**
**ਸਤ ਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ**
**ਸਭ ਦੁਰਮਤਿ ਮੈਲੁ ਗਵਾਈ।। ੧।। ਰਹਾਉ ।।**

(ਮਲਾਰੁ ਮ: ੪, ਪੰਨਾ-੧੨੬੩)

ਸਾਧ-ਸੰਗਤ ਸੱਚਾ ਤੀਰਥ ਹੈ ਬਾਰੇ ਹੋਰ ਪ੍ਰਮਾਣ :

**"ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ।।**
**ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ।।**

(ਮ: ੧, ਸੋਰਠਿ ਪੰਨਾ-੫੯੭)

ਸਤਿਗੁਰੂ ਜੀ ਦਾ ਇਹ ਭੀ ਫੁਰਮਾਣ ਹੈ:-

**"ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮ ਉਧਾਰਾ ।।**
**ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ।।**
**ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ।।**

(ਮਾਰੂ ਮ: ੧, ਪੰਨਾ-੧੦੦੯)

ਸੋ ਗੁਰੂ ਦੇ ਸਬਦ ਦੀ ਵੀਚਾਰ ਜਿਸ ਦੀ ਮਹਿਮਾ ਨਾਲ ਨਾਮ ਤੀਰਥ ਪ੍ਰਾਪਤ ਹੁੰਦਾ ਹੈ, ਉਸ ਅੰਦਰਲੇ ਤੀਰਥ ਉਤੇ ਇਸ਼ਨਾਨ ਕਰਨ ਨਾਲ ਮੈਲ ਲਹਿੰਦੀ ਹੈ ਮਨ ਦੀ ਮਤਿ ਦੀ ।

**"ਭਰੀਐ ਮਤਿ ਪਾਪਾ ਕੈ ਸੰਗਿ ।।**
**ਓਹੁ ਧੋਪੈ ਨਾਵੈ ਕੈ ਰੰਗਿ ।।"** (ਜਪੁਜੀ ਸਾਹਿਬ)

ਇਸ ਲਈ ਫੁਰਮਾਣ ਹੈ—

**"ਸੁਣਿਆ ਮੰਨਿਆ ਮਨਿ ਕੀਤਾ ਭਾਉ ।।**
**ਅੰਤਰਿ ਗਤਿ ਤੀਰਥਿ ਮਲਿ ਨਾਉ ।।**

(ਜਪੁ ੨੧ਵੀਂ ਪਉੜੀ)

ਸੋ ਸਤਿਗੁਰੂ ਹੀ ਤੀਰਥ ਹੈ, ਨਾਮ ਹੀ ਤੀਰਥ ਹੈ, ਸਾਧ ਸੰਗਤਿ ਹੀ ਤੀਰਥ ਹੈ । ਸਤਿਗੁਰੂ ਜੀ ਦੇ ਸ਼ਬਦ (ਗਿਆਨ) ਰਸ ਨੂੰ ਪੀਣਾ ਹੀਂ ਤੀਰਥ ਦਾ ਇਸ਼ਨਾਨ ਹੈ ।

**"ਅੰਤਰਿ ਗਿਆਨੁ ਮਹਾਰਸੁ ਸਾਰਾ ।।**
**ਤੀਰਥ ਮਜਨੁ ਗੁਰ ਵੀਚਾਰਾ।।** (ਆਸਾ ਮ: ੧, ਪੰਨਾ-੪੧੧)

ਗੁਰਮਤਿ ਨੇ ਹੋਰ ਬਾਹਰ ਮੁਖੀ ਤੀਰਥਾਂ ਨੂੰ ਜਿਵੇਂ ਕਿ ਹਿੰਦੂਆਂ ਵਿੱਚ ਮਨੌਤ ਹੋ ਪ੍ਰਵਾਨ ਨਹੀਂ ਕੀਤਾ । ਉਨ੍ਹਾਂ ਤੀਰਥਾਂ ਉਤੇ ਭ੍ਰਮਣ ਆਦਿ, ਹੰਕਾਰ ਦੇ ਰੋਗ ਵਧਾਉਣ ਦਾ ਕਾਰਨ ਬਣ ਜਾਂਦੇ ਹਨ । ਮਨੁੱਖ ਧੋਖੇਂਚ ਭੀ ਆ ਜਾਂਦਾ ਹੈ। ਭਰਮ ਕਰਕੇ :

**"ਪਾਪ ਕਰਹਿ ਪੰਚਾ ਕੇ ਬਸਿ ਰੇ ।।**
**ਤੀਰਥ ਨਾਇ ਕਹਹਿ ਸਭਿ ਉਤਰੇ ।।"**

(ਮ: ੫ ਪ੍ਰਭਾਤੀ ਪੰਨਾ-੧੩੪੭)

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਫੁਰਮਾਣ ਹੈ ਕਿ :-

"ਤੀਰਥਵਰਤ ਨੇਮ ਕਰਹਿ ਉਦਿਆਨਾ ।।
ਜਤੁ ਸਤੁ ਸੰਜਮੁ ਕਥਹਿ ਗਿਆਨਾ ।।"
ਰਾਮ ਨਾਮ ਬਿਨੁ ਕਿਉ ਸੁਖ ਪਾਈਐ,
ਬਿਨੁ ਸਤਿਗੁਰ ਭਰਮੁ ਨ ਜਾਇਆ ।।
ਮਾਰੂ ਮ: ੧ (ਪੰਨਾ-੧੦੪੩)

"ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ ।।
(ਭੈਰਉ ਮ: ੧, ਪੰਨਾ-੧੧੫੩)

ਪ੍ਰਭਾਤੀ ਰਾਗ ਅੰਦਰ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ ਕਿ ਗੁਰੂ ਦੇ ਗਿਆਨ ਰੂਪੀ ਪਾਣੀ (ਨੀਰ) ਵਿੱਚ ਕੀਤਾ ਇਸ਼ਨਾਨ ਹੀ ਅਠਾਹਠ ੬੮ ਤੀਰਥਾਂ ਦਾ ਇਸ਼ਨਾਨ ਹੈ । ਗੁਰੂ ਸਮਾਨ ਹੋਰ ਤੀਰਥ ਨਹੀਂ ਹੈ ਕਿਉਂ ਕਿ ਗੁਰੂ ਹਰ ਪੱਖ ਤੋ ਪੂਰਾ ਹੁੰਦਾ ਹੈ ।

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ
ਅਠਸਠਿ ਤੀਰਥ ਸੰਗ ਗਹੇ ।।
ਗੁਰ ਉਪਦੇਸਿ ਜਵਾਹਰ ਮਾਣਕ
ਸੇਵੇ ਸਿਖੁ ਸੁੋ ਖੋਜਿ ਲਹੈ ।।੧।।
ਗੁਰ ਸਮਾਨਿ ਤੀਰਥੁ ਨਹੀ ਕੋਇ ।।
ਸਰੁ ਸੰਤੋਖੁ ਤਾਸੁ ਗੁਰੁ ਹੋਇ ।।੧।। ਰਹਾਉ ।।
ਗੁਰੁ ਦਰਿਆਉ ਸਦਾ ਜਲੁ ਨਿਰਮਲੁ
ਮਿਲਿਆ ਦੁਰਮਤਿ ਮੈਲੁ ਹਰੈ ।।
ਸਤਿਗੁਰਿ ਪਾਇਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ।।੨੫।। (ਪ੍ਰਭਾਤੀ ਮ: ੧, ਪੰਨਾ-੧੩੨੮)

ਭਗਤ ਕਬੀਰ ਜੀ ਨੇ ਭੀ ਸਾਧੂ ਜਨ ਨੂੰ ਤੀਰਥ ਕਿਹਾ ਹੈ । ਪਰਮਾਣ ਹੈ :

"ਬ੍ਰਹਮਾ ਬਡਾ ਕਿ ਜਾਸੁ ਉਪਾਇਆ ।।"
ਬੇਦੁ ਬਡਾ ਕਿ ਜਹਾ ਤੇ ਆਇਆ ।।
ਕਹਿ ਕਬੀਰ ਹਉ ਭਇਆ ਉਦਾਸਿ ।।
ਤੀਰਥੁ ਬਡਾ ਕਿ ਹਰਿ ਕਾ ਦਾਸੁ ।।
(ਗਉੜੀ ਕਬੀਰ ਜੀ ਪੰਨਾ-੩੩੧)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਹੋਰ ਫੁਰਮਾਣ ਸਾਡੀ ਤੱਸਲੀ ਕਰਵਾ ਦਿੰਦਾ ਹੈ ਕਿ ਪ੍ਰਭੂ ਭਾਉਣਾ ਹੀ ਸਦਾ ਨਹਾਉਣਾ ਹੈ । ਹਰੀ ਦਾ ਨਾਮ ਸਿਮਰਨ ਜਪਣਾ ਹੀ ਅਠਸਠਿ ੬੮ ਤੀਰਥਾਂ ਦਾ ਇਸ਼ਨਾਨ ਹੈ :

"ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ ।।"
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ।।
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ।।
ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ ।।
(ਤੁਖਾਰੀ ਛੰਤ ਮ: ੧. ਬਾਰਾਮਾਹ) (ਪੰਨਾ-੧੧੦੯)

ਸਤਿਗੁਰੂ ਦੁਆਰਾ ਜਦੋਂ ਨਾਮ ਅਭਿਆਸ ਚਲ ਪੈਂਦਾ ਹੈ ਤਾਂ ਜਗਿਆਸੂ ਨੂੰ ਆਤਮ ਬੋਧ ਹੋਣ ਨਾਲ ਦ੍ਵੈਤ-ਭਾਵ ਮੁੱਕ ਜਾਣ ਉਤੇ ਸਾਰੀ ਸ੍ਰਿਸ਼ਟੀ ਹੀ ਪ੍ਰਭੂ ਪਰਮਾਤਮਾ ਵਿਚ ਸਿਮਟੀ ਹੋਈ ਪਰਤੀਤ ਹੁੰਦੀ ਹੈ । ਪ੍ਰਭੂ ਜੀ ਦਾ ਇਕੱਤਵ ਦਿਸਣ ਲਗਦਾ ਹੈ । ਫਿਰ ਓਹ, ਆਪੇ ਹੀ ਤੀਰਥ, ਆਪੇ ਹੀ ਇਸ਼ਨਾਨ ਕਰਨ, ਕਰਾਉਣ ਵਾਲਾ, ਆਪੇ ਹੀ ਨਾਮ ਨਾਮੀ ਅਤੇ ਨਾਮ ਜਪਾਉਣ ਵਾਲਾ ਹੈ, ਦੀ ਸੋਝੀ ਹੋ ਜਾਂਦੀ ਹੈ–

"ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨ ।।"
ਅਪੇ ਸੰਜਮ ਵਰਤੈ ਸੁਾਮੀ ਆਪਿ ਜਪਾਇਹਿ ਨਾਮੁ ।।
(ਮ: ੫, ਪੰਨਾ-੫੫੪)

---

# ਜੀਊਣਾ

ਡਾ: ਹਰਦਿਆਲ ਸਿੰਘ

ਜੀਊਣਾ ਇਕ ਜੀਵਣ ਜਾਚ ਹੈ, ਜਾਚ ਤੇ ਸਿੱਖੀ ਜਾਂਦੀ ਏ।
ਦੇਖਣਾ ਸੁਨਣਾ ਵੀਚਾਰ ਕੇ ਮੰਨਣਾ, ਕਰਣਾ ਸਿੱਖੀ ਸਿਖਾਉਂਦੀ ਏ।
ਗੁਰ ਦੇਖਣਾ ਗੁਰਬਾਣੀ ਦਰਸ਼ਨ, ਗੁਰਬਾਣੀ ਕਹੇ ਤੇ ਸਿੱਖ ਸੁਣੇ।
ਵੀਚਾਰ ਕੇ ਮੰਨਣਾ ਕਰਣਾ ਸਹਜੈ, ਸਹਜ ਸੁਭਾਉ ਗੁਰਸਿੱਖ ਬਣੇ।
ਨਹੀਂ ਤਾਂ ਸਾਹ ਲੈਂਦੇ ਸਭ ਹੱਸਣ ਖੇਡਣ,

**ਕੀ ਗੁਰਸਿੱਖ ਕਹਿਲਾਵਣਗੇ?**

ਇਹ ਸਭ ਕੁਝ ਤਾਂ ਪਸ਼ੂ ਵੀ ਕਰਦੇ, ਕੀ ਗੁਰਸਿੱਖ ਕਹਿਲਾਵਣਗੇ ?
ਪੜ੍ਹਨਾ ਗੁੜ੍ਹਨਾ ਸੰਸਾਰੀ ਧੰਧੇ, ਪਿੱਟ ਮਰਨਾ ਕੋਈ ਜੀਵਣ ਹੈ ?
ਸਫਲ ਜੀਵਨ, ਗੁਰ ਕਹੇ ਸੁ ਕਰਣਾ, ਬੰਦਗੀ ਅੰਮ੍ਰਿਤ ਪੀਵਣ ਹੈ।
ਅੰਮ੍ਰਿਤ ਪੀਵਣ ਇਕ ਬੰਦੀ ਹੈ, ਇਕ ਜਾਚ ਹੈ ਇਕ ਜੀਵਣ ਹੈ।
ਗੁਰ ਜੀਵਣ ਇਕ ਗੁਰ ਸਿੱਖ ਜੀਵਣ
ਸਫਲ ਦਰਸ਼ਨ ਸਿਖ ਜੀਵਣ ਹੈ।
ਚੰਗੇ ਮੰਦੇ ਕਰਮਾਂ ਦੀ ਔਸਤ ਬੰਦੇ ਪਤ ਕਹਾਉਂਦੀ ਹੈ।
ਸਫਲਾ ਜੀਵਣ ਜੇ ਪਤ ਲੇਖੇ,
ਜਿੰਦ ਪਤ ਬਿਨ ਪਾਰ ਨ ਪਾਉਂਦੀ ਹੈ।
ਪਤ ਪਰਵਾਨ ਜੀਵਨ ਪਰਵਾਨ, ਇਹ ਹੀ ਜੀਵਨ ਮੁਕਤ ਹੈ।
ਅੰਮ੍ਰਿਤ ਛਕ ਅਭਿਆਸ ਗੁਰਮੰਤਰ, ਸੱਚੀ ਜੀਵਨ ਜੁਗਤ ਹੈ।
ਜੋ ਸਭ ਵਿਚ ਜੋਤ ਜਪੇ ਤਿਸ ਜੋਤੀ, ਜੋਤੀ ਜੋਤ ਸਮਾ ਜਾਵੇ।
ਪੂਰੇ ਗੁਰ ਕੀ ਸਿੱਖਿਆ ਇਹੋ, ਗੁਰਸਿੱਖੇ ਕਮਾ ਜਾਵੇ।
ਜੀਵਣ ਮਰਨ ਦੇ ਗੇੜੇ ਤੋਂ ਛੁੱਟਣਾ, ਗੁਰਸਿੱਖੀ ਦਾ ਟੀਚਾ ਹੈ।
ਆਪਾ ਮਾਰ ਕੇ ਮਰਣਾ ਸਿੱਖਣਾ, ਗੁਰਸਿੱਖੀ ਦਾ ਟੀਚਾ ਹੈ।
ਜੀਊਣਾ ਇਕ ਜੀਵਣ ਜਾਚ ਹੈ, ਜਾਚ ਤੇ ਸਿੱਖੀ ਜਾਂਦੀ ਹੈ।
ਦੇਖ ਸੁਣ ਵੀਚਾਰ ਕੇ ਮੰਨਣਾ, ਕਰਣਾ ਸਿੱਖੀ ਸਿਖਾਉਂਦੀ ਏ।

# ਸੀਸ ਦੀਆ ਪਰ ਸਿਰਰੁ ਨ ਦੀਆ

(ਪ੍ਰੋ: ਹਰਬੰਸ ਸਿੰਘ ਜੀ. ਲੁਧਿਆਣਾ)

ਅੱਜ ਤੋਂ ਪੰਜ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਰੱਬੀ ਪੁਰਖ ਨੇ ਨਨਕਾਣੇ ਵਿਚ ਪੈਰ ਧਰਿਆ । ਉਸ ਸਮੇਂ ਲੋਧੀਆਂ ਦਾ ਰਾਜ ਸੀ । ਜ਼ੋਰ ਜ਼ਬਰ ਤੇ ਜ਼ੁਲਮ ਦੇ ਸਤਾਏ ਲੋਕਾਂ ਦੀ ਅਵਾਜ਼ ਸੁਣ ਕੇ ਨਾਨਕ ਨਿਰੰਕਾਰੀ ਨੇ ਹਾਉਕਾ ਭਰਿਆ "ਕੂੜ ਫਿਰੈ ਪਰਧਾਨ ਵੇ ਲਾਲੋ ।" ਬੱਸ ਫੇਰ ਕੀ ਸੀ ? ਦੁਨੀਆਂ ਦੇ ਕੂੜਾਵੇ ਸੁਖ ਆਰਾਮ ਨੂੰ ਤਿਆਗ ਕੇ ਮਰਦ ਅੰਗਮੜਾ "ਚੜ੍ਹਿਆ ਸੋਧਣ ਧਰਤ ਲੁਕਾਈ ।"

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ "ਧਰਮ ਪੰਖ ਕਰ ਉਡਰਿਆ" ਅਨੁਭਵ ਹੋਇਆ । ਉਹਨਾਂ ਪੰਡਤਾਂ ਮੌਲਾਣਿਆਂ, ਜੋਗੀਆਂ ਆਦਿ ਨੂੰ ਫੋਕੇ ਕਰਮ ਕਾਂਡਾਂ, ਰਸਮਾਂ, ਵਹਿਮਾਂ ਭਰਮਾਂ ਵਿੱਚ ਫਾਥੇ ਮਹਿਸੂਸ ਕੀਤਾ । ਉਹ ਲੋਕਾਂ ਨੂੰ "ਸਤਿ ਦਾ ਮਾਰਗ", ਦੱਸਣ ਲਈ ਮੱਕੇ ਮਦੀਨੇ, ਕੁਰਕਸ਼ੇਤਰ, ਹਰਦਵਾਰ, ਕਾਂਸ਼ੀ, ਆਸਾਮ, ਲੰਕਾ, ਸੁਮੇਰ ਪਰਬਤ ਆਦਿ ਦੁਰਾਡੇ ਦੇਸ਼ਾਂ, ਧਰਮ ਅਸਥਾਨਾਂ, ਤੀਰਥਾਂ, ਮੱਠਾਂ ਅਤੇ ਮੰਦਰਾਂ ਵਿੱਚ ਗਏ ਅਤੇ ਲੋਕਾਂ ਨੂੰ ਸਤਿ ਦਾ ਰਸਤਾ ਦਿਖਾਇਆ । ਵਹਿਮਾਂ ਭਰਮਾਂ ਦੀਆਂ ਪੀਡੀਆਂ ਲੀਹਾਂ ਤੇ ਪੈ ਚੁੱਕੇ ਲੋਕਾਂ ਨੇ ਗੁਰੂ ਜੀ ਨੂੰ ਕੁਰਾਹੀਆ ਦੱਸਿਆ, ਕਿਉਂ ਜੋ ਉਹਨਾਂ ਨੂੰ ਸਰਬ ਸ਼ਕਤੀਮਾਨ ਅਕਾਲ ਪੁਰਖ "ਸਰਵ ਵਿਆਪਕ" ਅਨੁਭਵ ਨਹੀਂ ਸੀ ਹੋ ਰਿਹਾ । ਉਹ ਰੱਬ ਦਾ ਘਰ ਕੇਵਲ ਪੱਛਮ ਵੱਲ ਹੀ ਦੱਸ ਰਹੇ ਸਨ । ਪੂਰਬ ਦੇ ਪਾਂਡਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਮਲੇ ਨਜ਼ਰ ਆਏ ਕਿਉਂ ਜੋ ਉਹ ਬਾਕੀ ਲੋਕਾਂ ਤੋਂ ਉਲਟ ਸੂਰਜ ਵੱਲ ਨੂੰ ਪਾਣੀ ਉਛਾਲਣ ਦੀ ਥਾਂ ਪੱਛਮ ਵੱਲ ਨੂੰ ਸੁੱਟ ਰਹੇ ਸਨ। ਕਰਮ ਕਾਂਡੀ ਲੋਕ ਇਹ ਕਦ ਬਰਦਾਸ਼ਤ ਕਰ ਸਕਦੇ ਸਨ ਕਿ ਉਹਨਾਂ ਦੀ ਰਹੁ-ਰੀਤ ਤੋਂ ਉਲਟ ਕੋਈ ਮਨੁੱਖ ਹੋਰ ਦੀ ਹੋਰ ਗੱਲ ਕਰੇ ? ਧਰਮ ਦੇ ਠੇਕੇਦਾਰਾਂ ਨੂੰ ਰੋਹ ਚੜ੍ਹ ਗਿਆ । ਉਹਨਾਂ ਅਜਿਹੇ ਕਾਫਰ ਨੂੰ ਟੰਗੋਂ ਫੜ ਕੇ ਘਸੀਟਣ ਅਤੇ ਮਾਰ ਮੁਕਾਉਣ ਵਾਸਤੇ ਪੱਥਰ ਚੁੱਕ ਲਏ, ਪਰ ਸਤਿਗੁਰੂ ਨਾਨਕ ਦੇਵ ਜੀ ਦਾ ਰਾਖਾ ਆਪ ਨਿਰੰਕਾਰ ਸੀ । ਉਹਨਾਂ ਦੇ "ਧੰਨ ਨਿਰੰਕਾਰ" ! ਉਚਾਰਨ ਤੇ ਹੀ ਸਾਰੇ ਲੱਲੂ ਪੰਜੂ ਭੱਜ ਉਠੇ । ਹਾਂ ਹਾਂ ! ਸਿੰਘ (ਸ਼ੇਰ) ਦੇ ਬਬਕ ਮਾਰਨ ਤੇ ਹਰਨਾਂ ਦੀਆਂ ਡਾਰਾਂ ਨੂੰ ਭੱਜਦਿਆਂ ਰਾਹ ਨਾ ਲੱਭੇ । ਕਿਸੇ ਐਰੇ ਗੈਰੇ ਦੀ ਕੀ ਮਜ਼ਾਲ ਜੋ "ਜ਼ਾਹਰਾ ਪਾਤਸ਼ਾਹ" ਦੇ ਮਸ਼ੀਰ ਦੀ "ਵਾ ਵੱਲ ਵੀ ਤਕੇ । ਸਤਿ ਦੇ ਅਗੇ "ਕੂੜ" ਨਾ ਠਹਿਰ ਸਕਿਆ । ਕੂੜ ਹਾਰ ਗਿਆ ਅਤੇ ਸਤਿ ਜਿੱਤ ਗਿਆ । ਜਿੱਧਰ ਵੀ ਨਾਨਕ ਨਿਰੰਕਾਰੀ ਨੇ ਮੁੱਖ ਕੀਤਾ, ਸਤਿ ਦੀ ਜੈ ਜੈ ਕਾਰ ਹੋਣ ਲੱਗ ਪਈ । ਕੌਡੇ ਵਰਗੇ ਰਾਖਸ਼ ਦੇਵਤੇ ਬਣ ਗਏ । ਸੱਜਣ ਜਿਹੇ ਠੱਗ ਸੇਵਾਦਾਰ ਹੋ ਨਿਬੜੇ ਤੇ ਮਲਕ ਭਾਗੋ ਜੇਹੇ ਗਰੀਬਾਂ ਦਾ ਲਹੂ ਪੀਣੇ ਧਰਮ ਦੀ ਕਿਰਤ ਕਰਨ ਅਤੇ ਵੰਡ ਕੇ ਛਕਣ ਲੱਗ ਪਏ । ਲੋਕੀਂ ਅਕਾਲ ਪੁਰਖ ਦੀ ਭੈ ਭਾਵਨੀ ਵਿੱਚ ਰਹਿਣ ਲੱਗ ਪਏ ਅਤੇ ਲੁੱਟ ਘਸੁੱਟ ਅਰ ਜ਼ੋਰ ਜ਼ੁਲਮ ਤੋਂ ਕੰਨੀ ਕਤਰਾਨ ਲੱਗ ਪਏ।

ਕਰਤਾਰੀ ਪੁਰਖ ਜਿੱਧਰ ਜਾਂਦਾ "ਸਤਿ ਕਰਤਾਰ ! "ਧੰਨ ਨਿਰੰਕਾਰ" ! ਦੀ ਧੁੰਨ ਗੁੰਜਾਉਂਦਾ । ਇਸ ਧੁੰਨ ਨਾਲ ਲੋਕਾਂ ਤੇ ਜਾਦੂ ਵਰਗਾ ਅਸਰ ਹੁੰਦਾ । ਬਾਬੇ ਦੇ ਮੁਖਾਰ ਬਿੰਦ ਵਿਚੋਂ "ਧੁਰ ਕੀ ਬਾਣੀ" ਦੇ ਸ਼ਬਦ ਸੁਣ ਕੇ ਲੋਕਾਂ ਦੇ ਸੁੱਕੜ ਅਤੇ ਰੱਕੜ ਮਨਾਂ ਵਿੱਚ ਹੁਲਾਸ ਭਰ ਜਾਂਦਾ, ਮੁਰਦਾ ਰੂਹਾਂ ਜੀਅ ਉਠਦੀਆਂ, ਖੇੜਾ ਵਸ ਜਾਂਦਾ । ਬਾਬੇ ਨੇ ਥਾਂ ਥਾਂ, ਘਰ ਘਰ ਫਿਰ ਕੇ ਲੋਕਾਂ ਨੂੰ 'ਸਤਿ' ਦਾ ਸੁਨੇਹਾ ਦਿੱਤਾ । ਸਤਿ ਦੇ ਮਾਰਗ ਤੇ ਚੱਲਣ ਲਈ ਸਚਿਆਰ ਬਣਨ ਦਾ ਉਪਦੇਸ਼ ਦਿੱਤਾ ।

ਨਾਨਕ ਲੋਕਾਂ ਲਈ ਚਾਨਣ ਮੁਨਾਰਾ ਬਣ ਗਿਆ । ਇੱਕ ਜੋਤ ਤੋਂ ਦੂਜੀ ਜੋਤ ਜਾਗੀ । ਕੇਵਲ ਸਰੀਰਕ ਚੋਲਾ ਹੀ ਬਦਲਿਆ । ਨਿਰੰਕਾਰੀ ਜੋਤ ਉਵੇਂ ਹੀ ਲਟ ਲਟ ਕਰਦੀ ਰਹੀ । ਲੋਕੀਂ ਆਪਣੇ ਜੀਵਨ ਦੇ ਬੇੜਿਆਂ ਨੂੰ ਇਸ ਚਾਨਣ ਮੁਨਾਰੇ ਤੋਂ ਰੋਸ਼ਨੀ ਲੈ ਕੇ ਮਾਇਆ ਦੀ ਜਿੱਲ੍ਹਣ ਤੋਂ ਬਚਾਉਂਦੇ ਹੋਏ ਸਿੱਧੇ ਗਾਡੀ ਰਾਹ ਤੇ ਤੁਰਦੇ ਰਹੇ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਜੀ, ਤੀਜੀ ਚੌਥੀ ਅਤੇ ਪੰਜਵੀਂ ਪਾਤਸ਼ਾਹੀ ਉਸੇ ਹੀ ਨਿਰੰਕਾਰੀ ਜੋਤ ਰਾਹੀਂ ਦੁਨੀਆਂ ਨੂੰ ਸਤਿ ਦਾ ਮਾਰਗ ਦਿਖਾਉਂਦੀ ਰਹੀ ।

ਮੁਗ਼ਲ ਬਾਦਸ਼ਾਹ ਜਹਾਂਗੀਰ ਦੀਆਂ ਅੱਖਾਂ ਸਾਹਮਣੇ ਹਉਮੈ ਦਾ ਜਾਲਾ ਗੂੜ੍ਹਾ ਛਾ ਗਿਆ । ਉਸ ਨੂੰ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਮਿਸ਼ਨ "ਝੂਠ ਦੀ ਦੁਕਾਨ" ਭਾਸਣ ਲੱਗ ਪਿਆ ਅਤੇ ਉਸ ਨੇ ਇਸ ਕੁਫਰ ਨੂੰ ਬੰਦ ਕਰਨ ਦੀ ਪੱਕੀ ਠਾਣ ਲਈ । ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਬੁਲਾਇਆ ਗਿਆ, ਉਹਨਾਂ ਦਾ ਸਾਰਾ ਮਾਲ ਮੱਤਾ ਕੁਰਕ ਕਰ ਲਿਆ ਗਿਆ । ਸਤਿਗੁਰੂ ਜੀ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਗਰਮ ਗਰਮ ਰੇਤ ਸਿਰ ਵਿੱਚ ਪਾਇਆ ਗਿਆ, ਆਲੂਆਂ ਵਾਂਗ ਦੇਗ ਵਿੱਚ ਉਬਾਲਿਆ ਗਿਆ ਤਾਂ ਜੋ ਹਕੂਮਤ ਤੋਂ ਡਰ ਕੇ ਗੁਰੂ ਸਾਹਿਬ ਕੁਫਰ (ਪਰ ਅਸਲ ਵਿੱਚ ਸਤਿ) ਨੂੰ ਛੱਡ ਦੇਣ । ਨਿਰਭਉ, ਨਿਰਵੈਰ, "੧ਓ ਸਤਿਨਾਮ" ਨੂੰ ਜਪਣ ਵਾਲੇ ਉਸ ਤੇ ਟੇਕ ਰੱਖਣ ਵਾਲੇ, ਸਤਿ ਦੇ ਮਾਰਗ ਨੂੰ ਕਿਵੇਂ ਤਿਆਗ ਸਕਦੇ ਸਨ ? ਉਹ ਤੇ ਆਪਣੇ ਸਿੱਖਾਂ ਨੂੰ "ਏਤਿ ਮਾਰਗ" ਜਾਣ ਦਾ ਪ੍ਰਦਰਸ਼ਨ (DEMONSTRATION) ਕਰ ਰਹੇ ਸਨ । ਉਹਨਾਂ ਦੇ


www.AKJ.Org

ਹਿਰਦੇ ਵਿੱਚ ਧੁਰ ਨਿਰੰਕਾਰ ਦੀ ਦਰਗਾਹ ਤੋਂ ਆ ਰਿਹਾ ਸੁਨੇਹਾ (MESSAGE) ਗੂੰਜ ਰਿਹਾ ਸੀ–

**"ਪਹਿਲਾਂ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ।।**
**ਹੋਹੁ ਸਭਨਾ ਕੀ ਰੇਣਕਾ, ਤਉ ਆਉ ਹਮਾਰੈ ਪਾਸਿ ।।**

(ਮ: ੫ ਪੰਨਾ-੧੧੦੨)

ਇਸੇ ਸੁਨੇਹੇ ਸਦਕਾ ਹੀ ਉਹ ਅਲਾਪ ਰਹੇ ਸਨ–

**"ਹਉ ਨਾ ਛੋਡਉ ਕੰਤ ਪਾਸਰਾ ।।**
**ਸਦਾ ਰੰਗੀਲਾ ਲਾਲੁ ਪਿਆਰਾ, ਏਹੁ ਮਹਿੰਜਾ ਆਸਰਾ ।।"**

(ਸੂਹੀ ਮ: ੫, ਪੰਨਾ-੭੬੧)

ਜ਼ਾਲਮ ਜ਼ੁਲਮ ਕਰਦਾ ਰਿਹਾ ਪਰ ਹੁਕਮੀ ਬੰਦਿਆਂ ਨੇ "ਧਰਮ" ਨਾ ਛੱਡਿਆ । ਰਾਜ਼ਕ ਦੀ ਰਜ਼ਾ ਵਿੱਚ ਰਾਜ਼ੀ ਰਹੇ । "ਤੇਰਾ ਕੀਆ ਮੀਠਾ ਲਾਗੈ" ਦਾ ਰਾਗ ਅਲਾਪਦੇ ਰਹੇ ।

ਇਉਂ ਮਰਜੀਵੜਿਆਂ ਦੀ ਕੌਮ ਦੀ ਸਿਰਜਨਾ ਹੁੰਦੀ ਗਈ । ਛੇਵੀਂ, ਸੱਤਵੀਂ, ਅੱਠਵੀਂ ਅਤੇ ਨੌਂਵੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ "ਗੁਰਮੁਖ ਗਾਡੀ ਰਾਹ" ਨੂੰ ਪੌਂਡੇ ਦਰ ਪੌਂਡਾ ਰੁਸ਼ਨਾਉਂਦੇ ਗਏ ।

ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਿਰ ਕਾਫਰਾਂ (ਹਿੰਦੂਆਂ) ਨੂੰ ਮੋਮਨ (ਮੁਸਲਮਾਨ) ਬਨਾਉਣ ਦਾ ਉਬਾਲ ਉੱਠਿਆ । ਉਸ ਨੇ ਇਸ ਕੰਮ ਲਈ ਆਪਣਾ ਸਭ ਤਾਣ ਲਾ ਦਿੱਤਾ । ਸਤਿ ਦਾ ਝੰਡਾ ਉਠਾਉਣ ਵਾਲੇ ਜ਼ੋਰ ਜ਼ੁਲਮ ਅੱਗੇ ਕਿਵੇਂ ਸਿਰ ਝੁਕਾ ਸਕਦੇ ਸਨ ? "ਸੀਸ ਦੀਆ ਪਰ ਸਿਰਰੁ ਨਾ ਦੀਆ ।।" ਸਤਿਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਤਾਂ ਵਾਰ ਦਿੱਤਾ ਪਰ ਸਤਿ ਦੇ ਮਾਰਗ ਨੂੰ ਨਾ ਛੱਡਿਆ।

ਆਪਣੇ ਸਤਿਗੁਰੂ ਦੀ ਛਤਰ ਛਾਇਆ ਹੇਠ ਰਹਿਣ ਵਾਲਿਆਂ, ਆਪਣੇ ਸਤਿਗੁਰ ਦੇ ਪਗ ਚਿੰਨ੍ਹਾਂ (foot prints) ਤੇ ਚੱਲਣ ਵਾਲਿਆਂ ਨੇ ਵੀ ਧਰਮ ਨੂੰ ਨਾ ਛਡਿਆ, ਮੁਸਲਮਾਨ ਨਾ ਬਣੇ । ਆਰਿਆਂ ਨਾਲ ਦੋਫਾੜ ਹੋਣਾ ਮੰਨ ਲਿਆ ਅਤੇ ਦੇਗ ਵਿੱਚ ਉਬਾਲੇ ਖਾਣੇ ਮਨਜ਼ੂਰ ਕਰ ਲਏ । ਸਿੱਖੀ ਸਿਦਕ ਨਿਭਾਉਂਦੇ ਹੋਏ ਭਾਈ ਮਤੀ ਦਾਸ ਆਰੇ ਨਾਲ ਚੀਰੇ ਗਏ, ਭਾਈ ਦਇਆਲਾ ਜੀ ਦੇਗ ਵਿੱਚ ਉਬਾਲੇ ਗਏ ਅਤੇ ਭਾਈ ਸਤੀ ਦਾਸ ਜੀ ਜੀਉਂਦੇ ਸਾੜੇ ਗਏ ।

ਸਤਿਗੁਰੂ ਤੇਗ ਬਹਾਦਰ ਜੀ ਤੋਂ ਬਾਅਦ "ਨਿਰੰਕਾਰੀ ਜੋਤ" ਗੋਬਿੰਦ ਰਾਏ ਵਿੱਚ ਆ ਪਰਗਟ ਹੋਈ। ਦਸਮ ਪਿਤਾ ਨੇ ਰਾਜੇ ਸ਼ੀਂਹ ਮੁਕੱਦਮ ਕੁਤਿਆਂ ਦੀ ਧੱਕੜਸ਼ਾਹੀ ਤੋਂ ਗਰੀਬ ਜਨਤਾ ਨੂੰ ਬਚਾਉਣ ਖਾਤਰ ਅਤੇ ਸਤਿ ਦੇ ਨਿਸ਼ਾਨ (Flag) ਨੂੰ ਉਚਿਆਂ ਰੱਖਣ ਵਾਸਤੇ ਸਤਿ ਮਾਰਗੀ ਫੌਜਾਂ ਨੂੰ ਇੱਕਠਿਆਂ ਕਰਕੇ ਮੁੜ ਤਰਤੀਬ ਦਿੱਤੀ ਅਤੇ ਬਕਾਇਦਾ ਜੰਗ ਦੀਆਂ ਤਿਆਰੀਆਂ ਅਰੰਭ ਦਿੱਤੀਆਂ । ੧੬੯੯ ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਤੇ ਇੱਕ ਅਜੀਬ ਕੌਤਕ ਵਰਤਿਆ । 'ਖਾਲਸਾ' ਪ੍ਰਗਟ ਹੋ ਗਿਆ । ਸਧਾਰਨ ਨਰਮ ਲੋਹਾ ਪਾਣ ਚੜ੍ਹ ਕੇ ਸਖਤ ਹੋ ਗਿਆ । ਗਰੀਬੜੇ ਸਿੱਖ ਅੰਮ੍ਰਿਤ ਛੱਕ ਕੇ ਸਿੰਘ ਸੂਰਮੇ ਬਣ ਗਏ। ਆਪਣੇ ਗੁਰਦੇਵ ਵਲੋਂ ਰਹਿਤ ਧਾਰਨ ਕਰ ਕੇ "ਅਕਾਲੀ ਫੌਜ" ਦੇ ਪੱਕੇ ਸਿਪਾਹੀ ਬਣ ਗਏ । ਸ਼ਸਤਰਾਂ ਨਾਲ ਸਨੱਧ ਬੱਧ 'ਸੰਤ' ਖਾਲਸਾ ਫੌਜ ਦੇ ਸਿਪਾਹੀ ਹੋਣ ਕਰਕੇ "ਸੰਤ ਸਿਪਾਹੀ" ਅਖਵਾਉਣ ਲੱਗ ਪਏ । ਆਪ ਗੋਬਿੰਦ ਰਾਏ "ਆਪੇ ਗੁਰ, ਆਪੇ ਚੇਲਾ" ਦੀ ਪਿਰਤ ਪਾ ਕੇ ਗੋਬਿੰਦ ਸਿੰਘ ਬਣ ਗਿਆ । ਫਿਰ ਲੱਗੇ "ਰਣਜੀਤ ਨਗਾਰੇ" ਵੱਜਣ । ਅਕਾਲੀ ਫੌਜਾਂ ਦੀ ਚਹਿਲ ਪਹਿਲ, ਘੋੜਿਆਂ ਦੇ ਖੜਕਦੇ ਪੌੜਾਂ ਅਤੇ ਲਿਸ਼ਕਦੇ ਸ਼ਸਤਰਾਂ ਨੇ ਹਕੂਮਤ ਦੇ ਦਿਲ ਹਿਲਾ ਦਿਤੇ । ਆਪਣੇ ਬਾਬੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਾਂਗ ਸਤਿਗੁਰੂ ਗੋਬਿੰਦ ਸਿੰਘ ਨੇ ਵੀ ਦੁਸ਼ਮਣਾ ਨਾਲ ਲੋਹਾ ਲੈਣਾ ਅਰੰਭ ਦਿੱਤਾ ।

"ਜਨ ਕਉ ਪ੍ਰਭ ਅਪਨੇ ਕਾ ਤਾਣੁ" । ਮੁਗਲ ਹਕੂਮਤ ਨੂੰ ਆਪਣੀਆਂ 'ਫੌਜਾਂ' ਦਾ ਮਾਣ, ਪਰ ਸਤਿਗੁਰੂ ਦਾ ਰਾਖਾ ਆਪ ਅਕਾਲ ਪੁਰਖ । ਨਿਰਭਉ ਨੂੰ ਜਪਣ ਵਾਲੇ ਭੈ ਰਹਿਤ ਹੋ ਕੇ ਜਰਵਾਣਿਆ ਨਾਲ ਟੱਕਰ ਲੈਂਦੇ ਰਹੇ। ਅਨੰਦਪੁਰ ਛੱਡ ਦਿੱਤਾ ਬੱਚੇ ਸ਼ਹੀਦ ਕਰਵਾ ਲਏ, ਮਾਤਾ ਜੀ ਦਾ ਵਿਛੋੜਾ ਸਹਿ ਲਿਆ, ਜੰਗਲਾਂ ਬੇਲਿਆਂ ਵਿੱਚ ਨੰਗੇ ਪੈਰੀਂ ਫਿਰਦੇ ਰਹੇ ਪਰ ਧਰਮ ਨਹੀਂ ਹਾਰਿਆ। ਆਪਣੇ ਸਿੱਖਾਂ ਨੂੰ ਧਰਮ ਤੇ ਦ੍ਰਿੜ੍ਹ ਰਹਿਣ ਦਾ ਸਬਕ ਸਿਖਾਉਂਦੇ ਰਹੇ। ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਦੀ ਮਸ਼ਕ (Training) ਕਰਵਾਉਂਦੇ ਰਹੇ। ਇਸੇ ਹੀ ਸਿਖਿਆ ਨੂੰ ਪੱਲੇ ਬੰਨ੍ਹ ਕੇ ਗੁਰੂ ਕੇ ਸਿੱਖਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਮਾਤਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾਏ, ਝੋਲੀਆਂ ਭਰਵਾਈਆਂ, ਆਦਰਾਂ ਦੇ ਗਲਾਂ ਵਿੱਚ ਹਾਰ ਪੁਆਏ, ਸੰਸਾਰਕ ਸੁੱਖਾਂ ਨੂੰ ਪਿੱਠ ਦੇ ਕੇ ਜੇਲ੍ਹਾਂ ਕੱਟੀਆਂ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ, ਸੀਸ ਦੀਆ ਪਰ ਸਿਰਰੁ ਨਾ ਦੀਆ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ, ਆਪਣੇ ਸਤਿਗੁਰੂ ਦੇ ਸਿੱਖ, ਸਿੱਖੀ ਸਿਦਕ ਤੋਂ ਨਾ ਡੋਲੇ। ਨਾਮ ਜਪਣ, ਵੰਡ ਛਕਣ ਅਤੇ ਧਰਮ ਦੀ ਕਿਰਤ ਤੇ ਦ੍ਰਿੜ ਵਿਸ਼ਵਾਸੀ ਰਹੇ। ਉਹਨਾਂ ਆਪਣਾ ਤਨ ਮਨ ਧਨ ਵੇਚ ਕੇ ਸਿੱਖੀ ਪ੍ਰਾਪਤ ਕੀਤੀ, ਉਹਨਾਂ ਦੇ ਹਿਰਦੇ ਵਿਚੋ ਹੂਕ ਉਠਦੀ ਸੀ-

**"ਹਮ ਵੇਚਿਉ ਸਿਰ ਗੁਰ ਕੇ ।"**

(ਬਾਕੀ ਪੰਨਾ–੧੦ ਤੇ)

# ਜੀਵਨ ਬਿਉਰਾ
## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

(ਸ. ਅਮਰਜੀਤ ਸਿੰਘ)

**ਜਨਮ** : ੧.੪.੧੬੨੧ ਈ: (ਵਿਸਾਖ ਵਦੀ ੫, ੧੬੭੮ ਬਿ:)
**ਜਨਮ ਅਸਥਾਨ** : ਗੁਰੂ ਕੇ ਮਹਲ, ਸ੍ਰੀ ਅੰਮ੍ਰਿਤਸਰ।
**ਪਿਤਾ** : ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ।
**ਮਾਤਾ** : ਮਾਤਾ ਨਾਨਕੀ ਜੀ।
**ਵਿਆਹ** : ਮਾਤਾ ਗੁਜਰੀ ਜੀ, ਸਪੁੱਤਰੀ ਸ੍ਰੀ ਲਾਲ ਚੰਦ (ਕਰਤਾਰਪੁਰ)
**ਸੰਤਾਨ** : ਗੋਬਿੰਦ ਰਾਇ (ਦਸਵੇਂ ਗੁਰੂ ਗੋਬਿੰਦ ਸਿੰਘ ਜੀ)।
**ਭੈਣ-ਭਰਾ** : ਬਾਬਾ ਗੁਰਦਿੱਤਾ ਜੀ, ਬਾਬਾ ਅੱਟਲ ਰਾਏ ਜੀ, ਸ੍ਰੀ ਸੂਰਜ ਮੱਲ ਜੀ, ਬੀਬੀ ਵੀਰੋ ਜੀ, ਸ੍ਰੀ ਅਣੀ ਰਾਏ ਜੀ।
**ਪਵਿੱਤਰ ਨਗਰ ਵਸਾਏ** : ਸ੍ਰੀ ਅਨੰਦਪੁਰ ਸਾਹਿਬ, ਗੁਰੂ ਕਾ ਲਾਹੌਰ, ਬਿਭੌਰ ਸਾਹਿਬ।
**ਗੁਰਗੱਦੀ ਤੇ ਬਿਰਾਜੇ** : ਚੇਤ ਸੁਦੀ ੧੪ ਸੰਮਤ ੧੭੨੨।
**ਗੁਰਬਾਣੀ ਉਚਾਰਨ** : ੧੫ ਰਾਗਾਂ ਵਿੱਚ ਕੁਲ ੧੧੬ ਸ਼ਬਦ ਅਤੇ ਸਲੋਕ।
**ਸਮਕਾਲੀ ਹੁਕਮਰਾਨ** : ਔਰੰਗਜ਼ੇਬ ਮੁਗਲ ਬਾਦਸ਼ਾਹ।
**ਜੋਤੀ ਜੋਤ ਸਮਾਏ** : ੫੪ ਸਾਲ ਦੀ ਉਮਰ ਵਿੱਚ ੧੧.੧੧.੧੬੭੫ ਈ: (ਮੱਘਰ ਸੁਦੀ ੫ ੧੧ ਮੱਘਰ ਸੰਮਤ ੧੭੩੨) ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ (ਜਿਥੇ ਅੱਜਕਲ ਗੁਰਦੁਆਰਾ ਸੀਸ ਗੰਜ ਸਾਹਿਬ ਹੈ)।

(ਜਦੋ ਗੁਰੂ ਸਾਹਿਬ ਦੇ ਸਮਕਾਲੀ ਹੁਕਮਰਾਨ ਔਰੰਗਜ਼ੇਬ ਨੇ ਹਿੰਦੂ ਧਰਮ ਨੂੰ ਖਤਮ ਕਰਨ ਦੀ ਸਹੁੰ ਖਾਧੀ ਹੋਈ ਸੀ ਤੇ ਜਿਸ ਤਹਿਤ ਉਸ ਨੇ ਹਿੰਦੂਆ ਤੇ ਜ਼ੁਲਮ ਦੀ ਹਨ੍ਹੇਰੀ ਚਲਾਈ ਹੋਈ ਸੀ ਤਾਂ ਸਾਰੇ ਪਾਸਿਆਂ ਤੋਂ ਨਿਰਾਸ਼ ਹੋ ਕੇ ਕਸ਼ਮੀਰ ਦੇ ਪੰਡਤਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਪਾਸ ਆਪਣਾ ਧਰਮ ਬਚਾਵਣ ਲਈ ਆ ਫਰਿਆਦ ਕੀਤੀ। ਇਸ ਤੇ ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ...ਨ ਦਾ ਬੀੜਾ ਚੁਕਿਆ ਅਤੇ ਸਮੇਂ ਦੀ ਮੰਗ ਨੂੰ ਸਮਝਦੇ ਹੋਏ ਦਿੱਲੀ ਸ਼ਹੀਦੀ ਪਾਉਣ ਲਈ ਖੁਦ ਚੱਲ ਕੇ ਗਏ। ਹਕੂਮਤ ਨੇ ਗੁਰੂ ਸਾਹਿਬ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਮਜਬੂਰ ਕੀਤਾ ਪਰ ਗੁਰੂ ਸਾਹਿਬ ਆਪਣੇ ਧਰਮ ਤੇ ਦ੍ਰਿੜ ਰਹੇ। ਇਸ ਤੇ ਔਰੰਗਜ਼ੇਬ ਦੇ ਹੁਕਮ ਦੇਣ ਤੇ ਜਲਾਦਾਂ ਨੇ ਤਲਵਾਰ ਨਾਲ ਚਾਂਦਨੀ ਚੌਕ ਦਿੱਲੀ ਵਿਖੇ ਗੁਰੂ ਸਾਹਿਬ ਦਾ ਸਿਰ ਧੜ ਨਾਲੋਂ ਅੱਲਗ ਕਰ ਦਿੱਤਾ।

ਗੁਰੂ ਸਾਹਿਬ ਦੀ ਦੇਹ ਤੇ ਲਗਾਏ ਗਏ ਕਰੜੇ ਪਹਿਰੇ ਦੇ ਬਾਵਜੂਦ ਅਤਿ ਬਹਾਦਰੀ ਅਤੇ ਗੁਰੂ ਪਿਆਰ ਦਾ ਸਬੂਤ ਦਿੰਦੇ ਹੋਏ ਭਾਈ ਜੈਤਾ ਜੀ ਗੁਰੂ ਸਾਹਿਬ ਦੇ ਸੀਸ ਨੂੰ ਚੁੱਕ ਕੇ ਸ੍ਰੀ ਅਨੰਦਪੁਰ ਸਾਹਿਬ ਗੁਰੂ ਸਾਹਿਬ ਦੇ ਪਰਿਵਾਰ ਪਾਸ ਲੈ ਆਏ ਜਿਥੇ ਸੀਸ ਦਾ ਸਸਕਾਰ ਕੀਤਾ ਗਿਆ।

ਗੁਰੂ ਸਾਹਿਬ ਦੇ ਸੀਸ ਰਹਿਤ ਧੜ ਨੂੰ ਜੁਗਤ ਨਾਲ ਲੱਖੀ ਨਾਂ ਦਾ ਵਣਜਾਰਾ, ਗੁਰੂ ਘਰ ਦਾ ਪ੍ਰੇਮੀ, ਆਪਣੇ ਗੱਡਿਆਂ ਵਿਚ ਪਾ ਕੇ, ਤਿੰਨ ਕੁ ਮੀਲ ਦੂਰ ਆਪਣੇ ਪਿੰਡ ਰਕਾਬਗੰਜ ਲੈ ਆਇਆ। ਇਥੇ ਉਸ ਨੇ ਆਪਣੇ ਕੋਠੇ ਵਿਚ ਗੁਰੂ ਸਾਹਿਬ ਦੀ ਦੇਹ ਨੂੰ ਰੱਖ ਕੇ ਸਾਰੇ ਹੀ ਘਰ ਨੂੰ ਅੱਗ ਲਗਾ ਦਿਤੀ। ਅੱਗ ਲਗਾਉਣ ਦਾ ਮਕਸਦ ਗੁਰੂ ਸਾਹਿਬ ਦੀ ਦੇਹ ਦਾ ਸਸਕਾਰ ਕਰਨਾ ਸੀ ਅਤੇ ਸਰਕਾਰੀ ਕਹਿਰ ਤੋਂ ਬਚਣਾ ਵੀ ਸੀ। ਇਸੇ ਜਗ੍ਹਾ ਤੇ ਗੁਰਦੁਆਰਾ ਰਕਾਬਗੰਜ ਸਾਹਿਬ ਬਣਿਆ ਹੋਇਆ ਹੈ।)

# ਸ੍ਰੀ ਗੁਰੂ ਤੇਗ ਬਹਾਦਰ ਜੀ

(ਹਰਬੰਸ ਸਿੰਘ ਕੋਟ ਭਾਈ)

ਮੁਗਲਸ਼ਾਹੀ ਦੀ ਫਿਰਕਾਪ੍ਰਸਤੀ ਪਹੁੰਚ ਗਈ ਜਦ ਸਿਖਰਾਂ ਉੱਤੇ ।
ਵੱਢੀਖੋਰ ਸਨ ਅਫਸਰ ਸਾਰੇ, ਹਲ਼ਕ ਗਏ ਸਰਕਾਰੀ ਕੁੱਤੇ ।
ਫੜ ਕੇ ਤੇਗ ਸ਼ਰ੍ਹਾ ਦੀ ਤਿੱਖੀ, ਤਿਲਕ ਮੱਥਿਆਂ ਤੋਂ ਖੁਰਚਣ ਲੱਗੇ ।
ਜੰਞੂ ਗਲਾਂ'ਚੋਂ ਟੁੱਟਣ ਲਗੇ, ਬੋਦੀਆਂ ਵਾਲੇ ਡੁਸਕਣ ਲੱਗੇ ।
ਧਰਮ ਦਾ ਬੇੜਾ ਡੋਬਣ ਦੇ ਲਈ, ਛੱਲਾਂ ਮਾਰੇ ਜ਼ੁਲਮ ਦਾ ਸਾਗਰ।
ਕੁਰਬਾਨੀ ਦੇ ਕੇ ਤਾਰਨ ਦੇ ਲਈ, ਨਿੱਤਰਿਆ ਫਿਰ ਤੇਗ ਬਹਾਦਰ ।
ਹਾਕਮ ਐਸ਼ ਪ੍ਰਸਤੀ ਕਰਦੇ, ਲੋਕਾਂ ਨੂੰ ਸੀ ਲੁਟਿਆ ਜਾਂਦਾ ।
ਨਿੱਤ ਇਸਲਾਮ ਦੇ ਪਰਦੇ ਉਹਲੇ, ਮਨੁੱਖ ਦਾ ਗਲ ਸੀ ਘੁਟਿਆ ਜਾਂਦਾ।
ਅਣਖ ਇੱਜਤ ਦਾ ਜੀਵਨ ਨਹੀਂ ਸੀ, ਕਿਸੇ ਪਾਸੇ ਇਨਸਾਫ ਨਹੀਂ ਸੀ ।
ਸਿਖਰ ਦੁਪਹਿਰੇ ਡਾਕੇ ਪੈਂਦੇ, ਕਾਫਰ (ਹਿੰਦੂ) ਹੋਣਾ ਮੁਆਫ ਨਹੀਂ ਸੀ ।
ਖੋਹ ਲੈਂਦੇ ਸਨ ਧੀਆਂ ਭੈਣਾਂ, ਮਾਪੇ ਸਹਿੰਦੇ ਰੋਜ਼ ਨਿਰਾਦਰ ।
ਇਹ ਹਾਲਾਤ ਬਦਲਣ ਦੇ ਲਈ, ਨਿੱਤਰਿਆ ਸੀ ਤੇਗ ਬਹਾਦਰ।
ਔਰੰਗਜ਼ੇਬੀ ਅਦਾਲਤ ਝੂਠੀ, ਝੂਠਿਆਂ ਤਾਈਂ ਵੰਗਾਰਿਆ ਉਸਨੇ ।
ਬਾਦਸ਼ਾਹੀ ਨਾਲ ਟੱਕਰ ਲੈ ਕੇ, ਪਾਤਸ਼ਾਹੀ ਨੂੰ ਉਭਾਰਿਆ ਉਸਨੇ ।
ਆਤਮ ਬਲ ਮਜ਼ਬੂਤ ਸੀ ਐਨਾ, ਹਾਹ ਦਾ ਨਾਹਰਾ ਮਾਰਿਆ ਉਸਨੇ ।
ਦਿੱਲੀ ਚਾਂਦਨੀ ਚੌਕ'ਚ ਬਹਿ ਕੇ, ਦੁਸਟਾਂ ਨੂੰ ਲਲਕਾਰਿਆ ਉਸਨੇ ।
ਦੇਸ਼, ਧਰਮ ਦੀ ਲਾਜ ਬਚਾਈ, ਬਣ ਕੇ ਉਸਨੇ ਹਿੰਦ ਦੀ ਚਾਦਰ।
ਵਾਰ ਗਿਆ ਉਹ ਸਭ ਕੁਝ ਆਪਣਾ, ਧੰਨ ਸ੍ਰੀ ਗੁਰੂ ਤੇਗ ਬਹਾਦਰ ।
ਮਜ਼ਲੂਮਾਂ ਦੇ ਉਹਨੇ ਹੰਝੂ ਪੀਤੇ, ਸ਼ਹਾਦਤ ਦੇ ਪਿਆਲੇ ਰਾਹੀਂ ।
ਦੁਖੀਆਂ ਦੇ ਦੁੱਖ ਵੰਡਾ ਲਏ, ਮਤੀ ਦਾਸ ਤੇ ਦਿਆਲੇ ਰਾਹੀਂ ।
ਸ਼ਾਂਤਮਈ'ਚੋਂ ਤਾਕਤ ਜਾਗੀ, ਡਰਦੀ ਮਾਰੀ ਹਕੂਮਤ ਡੋਲੀ ।
ਸੱਚੇ ਵਿਰੋਧ ਦੀ ਇਕੋ ਸੱਟੇ, ਜੜ੍ਹ ਪਾਪ ਦੀ ਹੋ ਗਈ ਪੋਲੀ ।
ਸਿਦਕ, ਭਰੋਸਾ, ਸਬਰ ਵੇਖ ਕੇ, ਕੰਬ ਗਿਆ ਸੀ ਅੰਦਰੋਂ ਜਾਬਰ ।
ਕਾਤਲ ਇਹ ਵੀ ਆਖ ਸੀ ਉੱਠਿਆ, ਧੰਨ ਧੰਨ ਹੈ ਤੇਗ ਬਹਾਦਰ।

# ਸਤਿਗੁਰ- ਕ੍ਰਿਪਾ

(ਸ: ਨਵਦੀਪ ਸਿੰਘ)

ਦੁਇ ਕਰ ਜੋੜ, ਸੁਰਤਿ ਦੁਨੀਆਂ ਨਾਲੋਂ ਤੋੜ,
ਜਦ ਕਰੀਏ ਗੁਰੂ ਅੱਗੇ ਅਰਦਾਸ ਬੰਦਿਆ।
ਲੱਥ ਜਾਂਦੇ ਤਾਪ ਪਾਪ, ਮਿਟ ਜਾਂਵਦੇ ਸੰਤਾਪ,
ਪੂਰਨ ਹੋਂਵਦੀ ਏ ਮਨ ਦੀ ਆਸ ਬੰਦਿਆ।
ਮਿਟ ਜਾਂਦੇ ਸਭ ਦੁੱਖ, ਰਹਿੰਦੀ ਜਰਾ ਵੀ ਨਾ ਭੁੱਖ,
ਜਦ ਜੋੜੀਏ ਪ੍ਰਭੂ ਨਾਲ ਚਿੱਤ ਬੰਦਿਆ।
ਪੰਜ ਦੂਤ ਆਉਣ ਵੱਸ, ਸਭੇ ਰੋਗ ਜਾਵਣ ਨੱਸ,
ਮੁੱਕ ਜਾਂਵਦੀ ਗੁਰੂ ਦੇ ਨਾਲੋਂ ਵਿੱਥ ਬੰਦਿਆ।
ਜਪਦੈ ਵਾਹਿਗੁਰੂ ਜਿਹੜਾ, ਰਹਿੰਦਾ ਮਨ 'ਚ ਖੇੜਾ,
ਹਉਮੈ ਤ੍ਰਿਸ਼ਨਾ ਦਾ ਹੋਂਵਦਾ ਏ ਨਾਸ ਬੰਦਿਆ।
ਸਮਝੇ ਮੌਤ ਨੂੰ ਨਾ ਦੂਰ, ਵੇਖਦਾ ਪ੍ਰਭੂ ਨੂੰ ਹਦੂਰ,
ਜਿਹੜਾ ਕਰਦਾ ਬਾਣੀ ਤੇ ਵਿਸ਼ਵਾਸ਼ ਬੰਦਿਆ।
ਜਿਹੜੇ ਜਪਦੇ ਪ੍ਰਭੂ ਨੂੰ ਸੁਆਸ- ਸੁਆਸ ਬੰਦਿਆ।
ਕਰਦੇ ਸੇਵਾ ਚਿਤ ਲਾ ਕੇ, ਅਪਣਾ ਆਪ ਗਵਾ ਕੇ,
ਉਹ ਕਰਦੇ ਗੁਰੂ ਚਰਨਾਂ ਵਿੱਚ ਵਾਸ ਬੰਦਿਆ।


www.AKJ.Org

# ਲਾਖ ਕਰੋਰੀ ਬੰਧੁ ਨ ਪਰੈ ।।੨।

(ਮਾਲਿਕ ਸਿੰਘ, ਮੋਹਾਲੀ)

(ਲੜੀ ਜੋੜਨ ਲਈ ਦੇਖੋ ਸੂਰਾ, ਨਵੰਬਰ, ੯੪)

**"ਗੁਰਮੁਖ ਜਨਮ ਸਕਾਰਥਾ ਗੁਰਬਾਣੀ ਪੜਿ ਸਮਝ ਸੁਣੇਹੀ"**

ਇਸ ਪੰਕਤੀ ਵਿਚ ਭਾ. ਗੁਰਦਾਸ ਜੀ ਫੁਰਮਾਉਂਦੇ ਹਨ ਕਿ ਉਸ ਗੁਰਮੁਖ ਜਗਿਆਸੂ ਦਾ ਜਨਮ ਸਫਲਾ ਹੈ ਜੋ ਗੁਰਬਾਣੀ ਨੂੰ ਸਮਝ ਕੇ ਪੜ੍ਹਦਾ ਹੈ ਅਤੇ ਬਾਣੀ ਨੂੰ ਕੇਵਲ ਸੁਣ/ਪੜ੍ਹ ਹੀ ਨਹੀਂ ਛੱਡਦਾ ਸਗੋਂ ਸੁਣ ਪੜ੍ਹ ਕੇ ਸਮਝਣ ਦਾ ਯਤਨ ਕਰਦਾ ਹੈ ਤੇ ਫਿਰ ਉਸ ਮੁਤਾਬਕ ਆਪਣੇ ਜੀਵਨ ਨੂੰ ਢਾਲਦਾ ਹੈ, ਕਮਾਈ ਕਰਦਾ ਹੈ। ਇਸ ਦੀ ਕਮਾਈ ਕਰਨ ਲਈ ਕੇਵਲ ਆਪਣੇ ਯਤਨਾਂ ਤੇ ਨਿਰਭਰ ਨਹੀਂ ਕਰਦਾ ਸਗੋਂ ਇਸ ਦੇ ਲਈ ਉਹ ਗਰੂ ਦੀ ਓਟ - ਆਸਰਾ ਜੀਵਨ ਪ੍ਰਯੰਤ ਲੋਚਦਾ ਹੈ ਤੇ ਇਸ ਲਈ ਗੁਰੂ ਸਾਹਿਬਾਂ ਅਗੇ ਨਿਤਾ ਪ੍ਰਤਿ ਜੋਦੜੀਆਂ, ਤਰਲੇ - ਅਰਦਾਸਾਂ ਕਰਦਾ ਹੈ ਕਿਉਂਕਿ ਗੁਰਬਾਣੀ ਅੰਦਰ ਇਹ ਵੱਡੀ ਖੂਬੀ - ਮਹਾਨਤਾ, ਵਿਸ਼ੇਸ਼ਤਾ, ਨਿਰਾਲਾਪਨ, ਵਿਲੱਖਣਤਾ ਹੈ ਕਿ ਇਸ ਨੂੰ ਸਮਝਣ ਲਈ ਬੜੀ ਮੇਹਨਤ, ਅਭਿਆਸ, ਲਗਨ, ਪਿਆਰ, ਸ਼ਰਧਾ, ਸ਼ਬਦ ਸੁਰਤ ਦੀ ਬਾਰੀਕੀ ਦੀ ਲੋੜ ਹੈ ਜੋ ਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾ ਪ੍ਰਾਪਤ ਹੋ ਹੀ ਨਹੀਂ ਸਕਦੀ। ਇਸ ਲਈ ਗੁਰਬਾਣੀ ਦੇ ਸ਼ਬਦਾਂ ਦੇ ਪਦ ਛੇਦ ਤੇ ਜੁੜਤ ਉਚਾਰਨ ਕਰਨ ਲਈ ਸਾਨੂੰ ਬਾਣੀ 'ਚੋਂ ਹੀ ਸੇਧ ਲੈਣੀ ਚਾਹੀਦੀ ਹੈ। ਇਸੇ ਵਿਚਾਰ ਅਨੁਸਾਰ "ਲਾਖ ਕਰੋਰੀ ਬੰਧੁ ਨ ਪਰੈ" ਤੇ ਕੁਝ ਵਿਚਾਰ ਪਿਛਲੇ ਪਰਚੇ ਵਿਚ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਤੇ ਇਸੇ ਵਿਚਾਰ ਨੂੰ ਹੁਣ ਹੋਰ ਅਗੇ ਖੋਲ੍ਹਣ ਦਾ ਯਤਨ ਕੀਤਾ ਜਾ ਰਿਹਾ ਹੈ।

**੨. ਗੁਰਬਾਣੀ ਵਿਅਕਰਣ ਨਿਯਮਾਂ ਅਨੁਸਾਰ:**

"ਲਾਖ ਕਰੋਰੀ ਬੰਧੁ ਨ ਪਰੈ" ਪੰਕਤੀ ਦੇ ਸਹੀ ਉਚਾਰਨ ਕਰਨ ਬਾਰੇ ਗੁਰਬਾਣੀ ਅੰਦਰ ਹੀ ਆਏ ਸ਼ਬਦ ਬੰਧਨਿ, ਬੰਧਨ, ਬੰਧ, ਬੰਧੁ, ਬੰਧਿ ਦੇ ਗੁਰਬਾਣੀ ਵਿਆਕਰਨ ਨਿਯਮਾਂ ਅਨੁਸਾਰ ਪਾਠ ਭੇਦ ਬਿਲਕੁਲ ਹੀ ਨਿੱਤਰ ਜਾਂਦਾ ਹੈ - ਸਪੱਸ਼ਟ ਹੋ ਜਾਂਦਾ ਹੈ।

ਗੁਰਬਾਣੀ ਅੰਦਰ ਬੰਧਨ ਸ਼ਬਦ ਦੇ ਤਿੰਨ ਰੂਪਾਂ ਦੇ ਕੁਝ ਪ੍ਰਮਾਣ:

**ਬੰਧਨ**

ਬੰਧਨ ਬਹੁ ਵਚਨ ਨਾਂਵ ਹੈ। ਇਸ ਦੇ ਤਿੰਨੇ ਅੱਖਰ ਮੁਕਤੇ ਹਨ। ਇਸ ਪਾਠ ਦੇ ਗੁਰਬਾਣੀ ਅੰਦਰ ਬਹੁਤ ਦਰਸ਼ਨ ਹੋ ਜਾਂਦੇ ਹਨ:-

੧ ਬੰਧਨ ਤੋੜਿ ਬੋਲਾਵੈ ਰਾਮੁ ।। (ਪੰਨਾ - ੧੮੩)
੨. ਬੰਧਨ ਮਾਤ ਪਿਤਾ ਸੰਸਾਰਿ ।। (ਪੰਨਾ - ੪੧੬)
੩. ਬੰਧਨ ਬੇਦੁ ਬਾਦੁ ਅਹੰਕਾਰ ।। (ਪੰਨਾ - ੪੧੬)
੪. ਬੰਧਨ ਸੁਤ ਕੰਨਿਆ ਅਰੁ ਨਾਰਿ ।। (ਪੰਨਾ-੪੧੬)
੫. ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ।। (ਪੰਨਾ-੬੭੪)

**ਬੰਧਨੁ**

ਬੰਧਨੁ ਵਿੱਚ ਨੰਨੇ ਥਲੇ ਔਂਕੜ ਆਉਣ ਕਰਕੇ ਇਹ ਇਕ ਵਚਨ ਨਾਂਵ ਹੈ।

੧. ਬੰਧਚਿ ਬੰਧਨੁ ਪਾਇਆ ।। ਮੁਕਤੇ ਗੁਰਿ ਅਨਲੁ ਬੁਝਾਇਆ ।। (ਪੰਨਾ ੯੭੧)
੨. ਅਨਿਕ ਕਰਮ ਕੀਏ ਬਹੁਤੇਰੇ ।। ਜੋ ਕੀਜੈ ਸੋ ਬੰਧਨੁ ਪੈਰੇ ।। (ਪੰਨਾ - ੧੦੭੫)
੩. ਪਉਣ ਪਾਣੀ ਅਗਨੀ ਕਾ ਬੰਧਨੁ
ਕਾਇਆ ਕੋਟੁ ਰਚਾਇਦਾ ।। (ਪੰਨਾ ੧੦੩੬)

**ਬੰਧਨਿ**

ਬੰਧਨਿ ਵਿੱਚ ਨੰਨਾ ਸਿਹਾਰੀ ਸਹਿਤ ਹੋਣ ਕਰਕੇ ਵਿੱਚ, ਦੇ, ਦੁਆਰਾ, ਰਾਹੀਂ - ਆਦਿ ਦੇ ਅਰਥ ਦੇਂਦਾ ਹੈ। ਇਹ ਸਿਹਾਰੀ ਬੰਧਨ ਕਾਰਕ ਦੀ ਲਖਾਇਕ ਹੈ।

੧. ਬੰਧਨਿ ਬਿਨਸੈ ਮੋਹ ਵਿਕਾਰ ।। (ਪੰਨਾ - ੪੧੬)
੨. ਬੰਧਨਿ ਬਾਧਿਆ ਇਨ ਬਿਧਿ ਛੂਟੇ ।। (ਪੰਨਾ -੧੧੧੨)
੩. ਬੰਧਨਿ ਜਾ ਕੈ ਸਭੁ ਜਗੁ ਬਾਧਿਆ
ਅਵਰੀ ਕਾ ਨਹੀਂ ਹੁਕਮੁ ਪਾਇਆ ।। (ਪੰਨਾ ੪੩੨)
੪. ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ।। (ਪੰਨਾ ੧੪੧੪)

ਸੋ ਬੰਧਨੁ ਵਿਆਕਰਣ ਅਨੁਸਾਰ ਵੀ ਕੋਈ ਸ਼ਬਦ ਨਹੀਂ ਬਣਦਾ।

ਇਸ ਤਰੀਕੇ ਨਾਲ ਹੁਣ ਸ਼ਬਦ 'ਬੰਧ' ਦੇ ਤਿੰਨ ਰੂਪ ਥੱਲੇ ਦਿਤੇ ਜਾ ਰਹੇ ਹਨ:

**ਬੰਧ**

ਧੱਧਾ ਮੁਕਤਾ ਹੋਣ ਕਰਕੇ ਇਹ ਬਹੁ ਵਚਨ ਦੇ ਅਰਥ ਦਿੰਦਾ ਹੈ—

੧. ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ।। (ਪੰਨਾ ੨੧੪)
੨. ਮਾਇਆ ਫਾਸ ਬੰਧ ਨਹੀ ਫਾਰੈ
ਅਰੁ ਮਨ ਸੁੰਨਿ ਨ ਲੂਕੇ ।। (ਪੰਨਾ ੪੭੫)

**ਬੰਧੁ**

ਬੰਧੁ ਦਾ ਧੱਧਾ ਔਂਕੜ ਸਹਿਤ ਹੋਣ ਕਰਕੇ ਇਕ ਵਚਨ ਦਾ ਲਖਾਇਕ ਹੈ।

੧. ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ।। (ਪੰਨਾ ੨੫੪)


www.AKJ.Org

੨. ਪਉਣੁ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ।। (ਪੰਨਾ ੩੫੦)

੩. ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ
ਹੋਈ ਸਰਬ ਕਲਿਆਣ।। (ਪੰਨਾ ੬੧੯)

੪. ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।।
(ਪੰਨਾ ੯੫੯)

੫. ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ।।
(ਪੰਨਾ ੯੫੯)

੬. ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ।।
(ਪੰਨਾ ੧੦੧੧)

### ਬੰਧਿ

ਬੰਧਿ ਦੇ ਧੱਧੇ ਨੂੰ ਸਿਹਾਰੀ ਲੱਗੀ ਹੋਣ ਕਰਕੇ ਇਹ ਰਾਹੀਂ, ਦੁਆਰਾ, ਦੇ - ਆਦਿ ਦੇ ਅਰਥ ਦੇਂਦੀ ਹੈ। ਇਹ ਸਿਹਾਰੀ ਸਬੰਧ ਕਾਰਕ ਦਾ ਲਖਾਇਕ ਹੈ:

੧. ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨ ਸੁਣੀਐ।।
(ਪੰਨਾ ੧੧੧੦)

੨. ਜਮ ਰਾਜੇ ਕੇ ਹੇਰੂ ਆਏ,
ਮਾਇਆ ਕੈ ਸੰਗਲਿ ਬੰਧਿ ਲਇਆ।। (ਪੰਨਾ ੪੩੨)

੩. ਬੰਧਨ ਬੰਧਿ ਭਵਾਏ ਸੋਇ।। (ਪੰਨਾ ੪੬੫)

੪. ਜਾਨੀਅੜਾ ਬੰਧਿ ਪਠਾਇਆ ਹੇ।। (ਪੰਨਾ ੫੮੨)

ਤਾਂ ਤੇ ਗੁਰਬਾਣੀ ਵਿਆਕਰਣ ਅਨੁਸਾਰ ਭੀ 'ਬੰਧੁਨ' ਜੁੜਤ ਸ਼ਬਦ ਨਹੀਂ ਬਣਦਾ। ਬੰਧੁ ਅਤੇ ਨ (ਨੰਨਾ) ਵੱਖਰੇ ਵੱਖਰੇ ਹੀ ਉਚਾਰਨ ਕਰਨੇ ਹਨ।

**੩. ਗੁਰਬਾਣੀ ਸਬਦਾਂ ਦੇ ਗੁਰਬਾਣੀ ਵਿਚੋਂ ਅਰਥ ਅਨੁਸਾਰ :**

ਗੁਰਬਾਣੀ ਸ਼ਬਦਾਂ ਜਾਂ ਪੰਕਤੀਆਂ ਦੇ ਅਰਥ ਭੇਦ, ਗੁਰਬਾਣੀ ਅੰਦਰ ਹੀ ਕਈ ਥਾਵਾਂ ਤੇ ਖੋਲ੍ਹ ਦਿਤੇ ਗਏ ਹਨ। ਗੁਰਬਾਣੀ 'ਚੋਂ ਕੁਝ ਹੋਰ ਗੁਰ ਪ੍ਰਮਾਣ ਜਿਥੇ ਕਿ ਬੰਧੁ ਸ਼ਬਦ ਆਪਣੇ ਸੁਤੰਤਰ ਰੂਪ ਵਿੱਚ ਆਉਂਦਾ ਹੈ ਉਥੇ ਇਸ ਦੇ ਨਾਲ ਹੀ ਅੱਗੇ ਵੱਖਰੇ ਰੂਪ ਵਿੱਚ ਨ (ਨੰਨਾ) ਭੀ ਆਇਆ ਦੇਖਿਆ ਜਾ ਸਕਦਾ ਹੈ। ਕੁਝ ਪ੍ਰਮਾਣ ਇਸ ਤਰ੍ਹਾਂ ਹਨ:-

੧. ਸਤਿਗੁਰਿ ਰਾਖੇ ਬੰਧੁ ਨ ਪਾਈ।। (ਪੰਨਾ-੪੧੬)

੨. ਗੁਰਮੁਖਿ ਮੁਕਤੋ ਬੰਧੁ ਨ ਪਾਇ।। (ਪੰਨਾ-੧੫੨)

੩. ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ।।
(ਪੰਨਾ ੯੩੭)

ਉਪਰੋਕਤ ਪੰਕਤੀਆਂ 'ਚੋਂ ਇਕ ਪੰਕਤੀ 'ਖਸਮੁ ਪਛਾਣੈ ਆਪਣਾ ਖੂਲੇ ਬੰਧੁ ਨ ਪਾਇ" ਦੇ ਅਰਥ ਥੱਲੇ ਦਿੱਤੇ ਜਾ ਰਹੇ ਹਨ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਪੰਕਤੀ ਵਿਚ ਬੰਧੁ ਅਤੇ ਨ ਵੱਖਰੇ ਵੱਖਰੇ ਸ਼ਬਦ ਉਚਾਰਨ ਕਰਨ ਨਾਲ ਹੀ ਅਰਥ ਸਪਸ਼ਟ ਹੁੰਦੇ ਹਨ ਅਤੇ ਇਹ ਹੀ ਸਹੀ ਉਚਾਰਨ ਹੈ। "ਇਸ ਤੁਕ ਅੰਦਰ ਬੰਧੁ ਪਦ ਦੇ ਧੱਧੇ ਨੂੰ ਔਂਕੜ ਅਗਲੇ ਨੰਨੇ ਨਾਲੋਂ ਨਿਖੇੜਦੀ ਹੈ। ਬੰਧੁਨ ਪਾਠ ਨਹੀਂ ਬਣਦਾ, ਨਾ ਹੀ ਫੇਰ ਅਰਥ ਠੀਕ ਬਣਦੇ ਹਨ।

**ਭਾਵ-ਅਰਥ:-** ਆਪਣੇ ਖਸਮ ਨੂੰ ਪਛਾਣੇ ਤੇ, ਅਗਿਆਨਤਾ ਰੂਪੀ ਬੰਨ੍ਹ ਪਿਆ ਖੁੱਲ੍ਹ ਜਾਂਦਾ ਹੈ ਤੇ ਫਿਰ ਬੰਨ੍ਹ ਨਹੀਂ ਪੈਂਦਾ। ਬੰਧੁ ਏਥੇ ਦੇਹੁਰੀ ਦੀਪਕ ਹੈ। ਦੋਹੀਂ ਪਾਸੀ ਲਗਦਾ ਹੈ। ਬੰਨ੍ਹ ਖੁਲ ਜਾਂਦਾ ਹੈ ਫੇਰ ਬੰਧੁ ਨਹੀਂ ਪੈਂਦਾ।

(ਗੁਰਬਾਣੀ ਲਗਾਂ - ਮਾਤ੍ਰਾਂ ਦੀ ਵਿੱਲਖਣਤਾ ਪੁਸਤਕ, ਰਚਿਤ ਭਾ: ਸ: ਭਾ: ਰਣਧੀਰ ਸਿੰਘ ਜੀ ਪੰਨਾ-੨੦੪)

ਤਾਂ ਤੇ ਉਪਰੋਕਤ ਸਾਰੀਆਂ ਵਿਚਾਰ ਧਾਰਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ "ਲਾਖ ਕਰੋਰੀ ਬੰਧੁ ਨ ਪਰੈ" ਵਿੱਚ ਆਏ ਸ਼ਬਦਾਂ ਬੰਧੁ ਅਤੇ ਨ ਦਾ ਉਚਾਰਨ ਵੱਖਰਾ - ਵੱਖਰਾ ਕਰਨਾ ਹੀ ਸਹੀ ਅਰਥ ਦੇ ਸਕਦੇ ਹਨ।

ਸੰਸਾਰ ਭਰ ਵਿੱਚ ਇਕੋ ਇਕ ਸ਼੍ਰੋਮਣੀ ਅਤੇ ਮਹਾਨ ਪਵਿੱਤਰ ਗ੍ਰੰਥ "ਸ੍ਰੀ ਗੁਰੂ ਗਰੰਥ ਸਾਹਿਬ ਜੀ" ਹਨ ਜਿਨ੍ਹਾਂ ਨੂੰ ਗੁਰੂ ਪਦਵੀ ਗੁਰੂ ਜੋਤਿ ਦਾ ਦਰਜਾ ਪ੍ਰਾਪਤ ਹੈ ਅਤੇ ਜੋ ਭੁੱਲੀ - ਭਟਕੀ ਲੁਕਾਈ ਨੂੰ, ਜਗਤ ਜਲੰਦੇ ਨੂੰ ਅਗਿਆਨਤਾ ਦੇ ਅੰਧੇਰੇ ਚੋਂ ਕੱਢਣ ਲਈ ਮਨੁੱਖਤਾ ਦੀ ਅਗਵਾਈ ਕਰ ਰਹੀ ਹੈ। "ਜੈਸੀ ਮੈ ਆਵੈ ਖਸਮ ਕੀ ਬਾਣੀ" ਹੋਣ ਕਰਕੇ ਗੁਰੂ ਗਰੰਥ ਸਾਹਿਬ ਜੀ ਦੀ ਸ਼ਬਦਾਵਲੀ ਦੀ ਵਿਸ਼ੇਸ਼ਤਾ, ਮਹਾਨਤਾ, ਅਲੌਕਿਕਤਾ ਭੀ ਆਪਣੀ ਨਿਰਾਲੀ ਹੀ ਹੈ।'ਧੁਰ ਕੀ ਬਾਣੀ' ਹੋਣ ਕਰਕੇ ਇਹ ਬਾਣੀ ਗੁਰੂ ਸਾਹਿਬਾਂ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਹੈ, ਬਾਅਦ ਵਿਚ ਲਿਖਤ ਰੂਪ ਵਿੱਚ ਆਈ ਹੈ। ਗੁਰ ਹਿਰਦੇ ਵਿੱਚ ਉਪਜੀ ਤੇ ਕਰਤੇ ਨੇ ਮੂੰਹੋ ਕਢਵਾਈ ਇਸ ਮਹਾਨ ਗੁਰੂ ਗਰੰਥ ਸਾਹਿਬ ਜੀ ਦੀ ਸ਼ਬਦਾਵਲੀ ਵਿੱਚ ਲਗਾਂ ਮਾਤ੍ਰਾਂ ਦਾ ਜੋ ਨਿਯਮ ਅਪਣਾਇਆ ਮਿਲਦਾ ਹੈ ਉਹ ਸੰਸਾਰ ਭਰ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ। ਜਿਸ ਸਮੁੱਚੇ ਢੰਗ ਨਾਲ ਸ਼ਬਦਾਂ ਦੇ ਅੰਤਲੇ ਅੱਖਰ ਨਾਲ ਔਂਕੜ ਅਤੇ ਸਿਹਾਰੀ ਦੀ ਵਰਤੋਂ ਕੀਤੀ ਮਿਲਦੀ ਹੈ, ਉਸ ਦੀ ਆਪਣੀ ਮਿਸਾਲ ਇਹ ਆਪ ਹੀ ਹੈ ਅਤੇ ਇਹ ਦੋਨੋਂ ਮਾਤ੍ਰਾਂ ਸ਼ਬਦਾਂ ਦੇ ਸਹੀ ਅਰਥ ਸ਼ਬਦ ਜੋੜ ਕਰਨ ਵਿੱਚ ਸਹਾਇਕ ਹੁੰਦੀਆਂ ਹਨ। ਹਰ ਸ਼ਰਧਾਲੂ ਜਗਿਆਸੂ ਨੂੰ ਗੁਰਬਾਣੀ ਲਗਾਂ ਮਾਤ੍ਰਾਂ ਦੇ ਨਿਯਮ ਨੂੰ ਸਮਝਣ ਦਾ ਜਤਨ ਕਰਨਾ ਚਾਹੀਦਾ ਹੈ।

**ਪ੍ਰਸਿੱਧ ਟੀਕਾਕਾਰਾਂ ਦੀ ਵਿਚਾਰਧਾਰਾ:** ਪੰਥ ਦੇ ਕੁਝ ਪ੍ਰਸਿੱਧ ਵਿਦਵਾਨਾਂ ਅਤੇ ਟੀਕਾਕਾਰਾਂ ਦੁਆਰਾ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕਿਆਂ 'ਚੋਂ ਹਵਾਲੇ ਦਿੱਤੇ ਜਾ ਰਹੇ ਹਨ। ਜਿਨ੍ਹਾਂ ਤੋਂ ਹੋਰ ਦ੍ਰਿੜਤਾ - ਪਰਪੱਕਤਾ ਸਪੱਸ਼ਟਤਾ ਅਥਵਾ ਪਰੋੜਤਾ ਮਿਲ ਜਾਂਦੀ ਹੈ ਕਿ 'ਲਾਖ


www.AKJ.Org

ਕਰੋਰੀ ਬੰਧੁ ਨ ਪਰੈ' ਪੰਕਤੀ ਵਿੱਚ ਬੰਧੁ ਅਤੇ ਨ ਨੂੰ ਅੱਲਗ ਅੱਲਗ ਦੋ ਸ਼ਬਦ ਉਚਾਰਨ ਕਰਨਾਂਹੀ ਪ੍ਰਮਾਣਿਕ ਅਤੇ ਸਹੀ ਉਚਾਰਨ ਹਨ।

**੧. ਗਿਆਨੀ ਹਰਬੰਸ ਸਿੰਘ ਜੀ ਦੀ ਵਿਚਾਰਧਾਰਾ** : ਬੰਧੁ ਨ ਵਿਚ ਧੱਧੇ ਨੂੰ ਲਗਾ ਔਂਕੜ ਬੰਧਨ ਨਹੀਂ ਬਣ ਸਕਦਾ। ਜੇ ਬੰਧੁ ਨ ਨੂੰ ਬੰਧੁਨ ਮਨ ਲਿਆ ਜਾਵੇ ਤਾਂ ਉਹ ਬਹੁ- ਵਚਨੀ ਨਾਵ ਬਣ ਜਾਵੇਗਾ। ਫਿਰ ਇਸ ਨਾਲ ਕ੍ਰਿਆ ਭੀ ਬਹੁ ਵਚਨੀ ਰੂਪ ਵਿੱਚ 'ਪਰਹਿ' ਹੋਣੀ ਚਾਹੀਦੀ ਹੈ ਪਰ ਇਥੇ 'ਪਰੈ' ਪਦ ਹੈ ਜੋ ਕਿ ਇਕ ਵਚਨ ਨਾਂਵ ਨਾਲ ਲਗਦਾ ਹੈ ਅਤੇ ਬੰਧੁ ਵੀ ਇਕ ਵਚਨ ਨਾਂਵ ਦਾ ਸੂਚਕ ਹੈ।

**ਅਰਥ**: ਲੱਖਾਂ ਕਰੋੜਾਂ ਰੁਪਿਆਂ ਨਾਲ (ਵੀ ਉਸ ਰਾਜੇ ਦੀ ਤ੍ਰਿਸਨਾ ਨੂੰ) ਬੰਨ੍ਹ ਨਹੀਂ ਪੈਂਦਾ (ਭਾਵ ਤ੍ਰਿਸ਼ਨਾ ਨਹੀਂ ਬੁਝਦੀ) ਪਰ ਹਰੀ ਦਾ ਨਾਮ ਜਪਦਿਆਂ (ਉਹ ਇਸ ਅਸ਼ਾਂਤ ਤ੍ਰਿਸ਼ਨਾ ਰੂਪੀ ਸੰਸਾਰ ਤੋਂ) ਪਾਰ ਹੋ ਜਾਂਦਾ ਹੈ। (ਇਸੇ ਪ੍ਰਕਾਰ) ਮਾਇਆ ਦੇ ਅਨੇਕ ਰੰਗਾਂ (ਮਨੋਰੰਜਕ - ਹਾਵਾਂ ਭਾਵਾਂ) ਦੇ ਹੁੰਦਿਆਂ (ਉਸ ਰਾਜੇ ਦੀ) ਮਾਇਕ ਤ੍ਰਿਸ਼ਨਾ ਨਹੀਂ ਬੁੱਝ ਸਕਦੀ। ਪਰ ਹਰੀ ਦਾ ਨਾਮ ਜਪਦਿਆਂ (ਉਹ ਮਨ ਅਤੇ ਤਨ ਕਰਕੇ) ਤ੍ਰਿਪਤ ਹੋ ਜਾਂਦਾ ਹੈ।। (ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ, ਪੰਨਾ-੪੭)

**੨. 'ਭਾਈ ਵੀਰ ਸਿੰਘ ਜੀ ਦੀ ਵਿਚਾਰਧਾਰਾ'**: ਗੁਰਬਾਣੀ ਵਿੱਚ ਬੰਧਨ ਪਦ ਜਦੋਂ ਬੰਨ੍ਹਣਾ ਦੇ ਅਰਥ ਵਿੱਚ ਆਉਂਦਾ ਹੈ ਤਾਂ ਅਕਸਰ 'ਧ' ਨੂੰ ਔਂਕੜ ਨਹੀਂ ਹੁੰਦਾ ਜੈਸੇ ਕਿ "ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ" (੨੫੨) ਪਰ ਬੰਧ ਪਦ , ਬੰਨੁ ਦੇ ਅਰਥਾਂ ਵਿੱਚ ਆਇਆ ਹੈ ਯਥਾ ਬੰਧੁ ਤੁਟਾ ਬੇੜੀ ਨਹੀਂ। (੧੨੯੭)

**ਅਰਥ**:– ਲੱਖਾਂ ਕਰੋੜਾਂ (ਮਾਇਆ ਦੇ ਖਜਾਨੇ) ਇੱਕਠੇ ਕਰ ਲੈਣ ਨਾਲ ਭੀ (ਉਸਦੀ ਤ੍ਰਿਸ਼ਨਾ ਰੂਪੀ ਨਦੀ ਨੂੰ ) ਬੰਨ੍ਹ ਨਹੀਂ ਪੈਂਦਾ। ਪਰ ਹਰੀ ਦਾ ਨਾਮ ਜਪਦਿਆ (ਉਹ ਇਸ ਨਦੀਂ ਨੂੰ) ਤਰ ਜਾਂਦਾ ਹੈ।

(ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੬੬੦)

**੩. ਪ੍ਰੋ: ਸਾਹਿਬ ਸਿੰਘ ਜੀ ਦੀ ਵਿਚਾਰਧਾਰਾ**: ਲੱਖਾਂ ਕਰੋੜਾਂ (ਰੁਪਏ) ਕਮਾ ਕੇ ਭੀ (ਮਾਇਆ ਦੀ ਤ੍ਰਿਹ ਵਿੱਚ) ਰੋਕ ਨਹੀਂ ਪੈਂਦੀ। (ਇਸ ਮਾਇਆ ਕਾਂਗ ਤੋਂ) ਪ੍ਰਭੂ ਦਾ ਨਾਮ ਜਪ ਕੇ ਮਨੁੱਖ ਪਾਰ ਲੰਘ ਸਕਦਾ ਹੈ।

(ਸ੍ਰੀ ਗੁਰੂ ਗਰੰਥ ਸਾਹਿਬ ਦਰਪਨ, ਪੰਨਾ - ੫੭੫)

**੪. ਸ੍ਰੋਮਣੀ ਪ੍ਰਬੰਧਕ ਕਮੇਟੀ ਸ਼ਬਦਾਰਥ**: ਲੱਖਾਂ ਕਰੋੜਾਂ ਰੁਪਿਆਂ ਦੇ ਹੁੰਦਿਆਂ ਤ੍ਰਿਸ਼ਨਾ ਨੂੰ ਬੰਧ (ਰੋਕ) ਨਹੀਂ ਪੈਂਦੀ ਪਰ ਹਰੀ ਨਾਮ ਜਪਣ ਨਾਲ ਬਚ ਜਾਂਦਾ ਹੈ।

(ਸਬਦਾਰਥ, ਪੰਨਾ ੨੬੪)

**੫. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਵਿਚਾਰਧਾਰਾ**:

'ਲਾਖ ਕਰੋਰੀ ਬੰਧੁ ਨ ਪਰੈ ।।
ਹਰਿ ਕਾ ਨਾਮੁ ਜਪਤ ਨਿਸਤਰੈ ।। ੨੬੪ ।।

ਅਨਿਕ ਪਾਠੀ ਇਸ ਦੁਪੰਕਤੀ ਵਾਲੇ ਵਾਕ ਦੀ ਪਹਿਲੀ ਪੰਕਤੀ ਬੰਧੁ ਨ ਨਿਖੜਵੇਂ ਪਾਠ ਨੂੰ ਅਰਥਾਤ ਬੰਧੁ ਤੇ ਨ ਨੂੰ ਇੱਕਠਾ ਬੰਧੁਨ ਕਰਕੇ ਉਠਾਉਂਦੇ ਹਨ ਅਤੇ ਕਈਆਂ ਗੁਟਕਿਆਂ ਵਿੱਚ ਬੰਧੁਨ ਹੀ ਛਪਿਆ ਹੋਇਆ ਹੈ। ਪਰ ਬੰਧੁ ਪਦ ਦੇ ਧੱਧੇ ਨੂੰ ਔਂਕੁੜ ਹੈ। ਇਹ ਸਾਫ ਨੰਨੇ ਨੂੰ ਬੰਧੁ ਨਾਲੋਂ ਨਿਖੇੜਦਾ ਹੈ। ਇਸ ਇੱਕਠਾ ਪਾਠ ਉਠਾਉਣ ਵਾਲੇ 'ਨ' ਪਦ ਨੂੰ ਬੰਧਨੁ ਬਹੁ ਬਚਨੀ ਨਾਂਵ ਸਮਝਦੇ ਹਨ ਅਤੇ ਅਰਥ ਕਰਦੇ ਹਨ ਕਿ ਲੱਖਾਂ ਕਰੋੜਾਂ ਦਮਾਂ ਦੀ ਖੱਟੀ ਖੱਟਣ ਵਾਲਿਆਂ ਧਨੀਆਂ ਨੂੰ ਬੰਨ੍ਹਣ ਪੈ ਜਾਂਦੇ ਹਨ। ਪਰੈ ਜੋ ਕ੍ਰਿਆਵਾਚਕ ਹੈ ਸੋ ਇਕ ਵਚਨ ਵਰਤਮਾਨ ਕਾਲ ਹੈ। ਜੇ ਬਹੁ ਵਚਨ ਵਰਤਮਾਨ ਕਾਲ ਵਾਲਾ ਇਹ ਪਦ ਹੁੰਦਾ ਤਾਂ ਪਰੈ ਦੇ ਥਾਉ 'ਪਰਹਿ' ਯਾ 'ਪਰੇਂ' ਇਕ ਲਾਮ ਵਾਲਾ ਪਦ ਆਉਂਦਾ। ਤਾਂ ਤੇ 'ਪਰੈ' ਇਕ-ਵਚਨ ਕਿਰਿਆ ਇਕ-ਵਚਨ ਕਰਮ 'ਬੰਧੁ' ਦੀ ਹੀ ਸੂਚਕ ਹੈ। ਧੱਧੇ ਨੂੰ ਔਂਕੁੜ ਵਾਲਾ 'ਬੰਧੁ' ਪਦ ਬੰਨ ਦਾ ਅਰਥ ਰੱਖਦਾ ਹੈ। ਸਾਰੀ ਦੁਤੁਕੀ ਦਾ ਸਪਸ਼ਟ ਭਾਵ - ਅਰਥ ਬਣਦਾ ਹੈ:-

ਲੱਖਾਂ ਕਰੋੜਾਂ ਦੀ ਮਾਇਕ ਖੱਟੀ ਨਾਲ ਤ੍ਰਿਸ਼ਨਾ ਨੂੰ ਬੰਨ੍ਹ ਨਹੀਂ ਪੈਂਦਾ ਸਗੋਂ ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ। ਕਰੋੜਾਂ ਧੰਨਵਾਨ ਭੀ ਤ੍ਰਿਸ਼ਾਲੂ ਹੀ ਹਨ। ਉਹਨਾਂ ਦਾ ਨਿਸਤਾਰਾ ਕਿਥੋਂ ? ਨਿਸਤਾਰਾ ਤਾਂ ਨਾਮ ਜਪਣ ਕਰਕੇ ਹੀ ਨਾਮ ਅਭਿਆਸੀਆਂ, ਨਾਮ ਜਪਣ ਵਾਲਿਆਂ ਦਾ ਹੀ ਹੁੰਦਾ ਹੈ। ਤਾਂ ਤੇ ਸਹੀ ਪਾਠ 'ਬੰਧੁ 'ਨ' ਵਾਲਾ ਨਿਖੇੜਵਾਂ ਪਾਠ ਹੀ ਹੈ। ਔਂਕੁੜ ਦੀ ਲਗ ਨੇ ਸਾਫ ਫੈਸਲਾ ਕਰ ਦਿਤਾ ਹੈ"।

(ਗੁਰਬਾਣੀ ਲਗਾਂ - ਮਾਤਰਾਂ ਦੀ ਵਿੱਲਖਣਤਾ (੧੩੨,੧੩੩)

**੬. ਭਾਈ ਧੰਨਾ ਸਿੰਘ ਰਚਿਤ "ਗੁਰਬਾਣੀ ਦਾ ਸ਼ੁੱਧ ਉਚਾਰਨ**: ਗੁਰਬਾਣੀ ਦੀ ਲਿਖਾਈ ਅੰਦਰ ਇਹ ਨਿਯਮ ਵਰਤਿਆ ਗਿਆ ਹੈ ਕਿ ਜਿਸ ਸ਼ਬਦ ਦੇ ਅੰਤਲੇ ਅੱਖਰ ਨਾਲ ਸਿਹਾਰੀ ਜਾਂ ਔਂਕੁੜ ਲੱਗਿਆ ਹੋਵੇ ਤੇ ਉਸ ਤੋਂ ਅਗੇ (ਨ) ਮੁਕਤਾ ਹੋਵੇ ਤਾਂ ਉਹ ਸਬਦ ਦੇ ਨਾਲ ਮਿਲਾ ਕੇ ਨਹੀਂ ਪੜ੍ਹਿਆ ਜਾ ਸਕਦਾ । ਜਿਸ ਸ਼ਬਦ ਦਾ ਅੰਤਲਾ ਅਖਰ 'ਨ' ਹੋਵੇ ਤੇ ਉਸ ਨਾਲ ਸਿਹਾਰੀ ਜਾਂ ਔਂਕੜ ਲੱਗਾ ਹੋਇਆ ਹੈ, ਤਾਂ ਉਹ ਅੱਡਰਾ ਨਹੀਂ ਪੜ੍ਹਿਆ ਜਾ ਸਕਦਾ। ਉਸ ਦਾ ਸ਼ਬਦ ਦੇ ਨਾਲ ਹੀ ਉਚਾਰਨ ਕੀਤਾ ਜਾਂਦਾ ਹੈ। ਇਸ ਨਿਯਮ ਨੂੰ ਸਪਸ਼ਟ ਕਰਨ ਲਈ ਹੁਣ ਸ਼ਬਦ ਲਿਖੇ ਜਾਂਦੇ ਹਨ

**(ਬਾਕੀ ਪੰਨਾ–੩੧ ਤੇ)**

www.AKJ.Org

# ਗੁਰੂ ਨਾਨਕ ਦਾ ਅਰਸ਼ੀ ਸੰਗੀਤ

(ਪਰਲੋਕਵਾਸੀ ਭਾਈ ਨਰੈਣ ਸਿੰਘ ਜੀ ਐਮ. ਏ. )

ਜਨਮ ਸਾਖੀਕਾਰਾਂ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਪਰਮੇਸ਼ਰ ਦੇ ਸਨਮੁਖ ਹੋਏ ਅਤੇ ਉਸ ਦੇ ਅਨੁਭਵੀ ਦਰਸ਼ਨ ਪਾਏ ਤਾਂ ਆਪ ਉਪਰ ਡੂੰਘੇ ਵਿਸਮਾਦ ਦੀ ਦਸ਼ਾ ਜਾਰੀ ਹੋ ਗਈ। ਉਥੇ ਪਰਮੇਸਰ ਦੀ ਅਪਰ ਅਪਾਰ ਮਹਿਮਾ ਦਾ ਨਿਰੰਤਰ ਗਾਇਨ ਹੋ ਰਿਹਾ ਸੀ, ਅਨੇਕ ਤਰ੍ਹਾਂ ਦੇ ਵਾਜੇ ਅਨੂਪਮ ਮਧੁਰ ਸੁਰ ਵਿਚ ਵੱਜ ਰਹੇ ਸਨ ਅਤੇ ਅਨਗਿਣਤ ਧੁਨੀਆਂ ਆਪ ਮੁਹਾਰੇ ਉਠ ਰਹੀਆਂ ਸਨ-- ਪਉਣ ਪਾਣੀ ਅਤੇ ਅਗਨੀ ਜਿਹੀਆਂ ਤੱਤ ਵਸਤੂਆਂ ਆਪਣੇ ਸਿਰਜਣਹਾਰ ਦੀ ਵਡਿਆਈ ਭਿੰਨ ਭਿੰਨ ਤਰ੍ਹਾਂ ਗਾ ਰਹੀਆਂ ਸਨ। ਕਰਤਾ ਪੁਰਖ ਦੀ ਸਮੁਚੀ ਕਿਰਤ ਹੀ ਜਸ ਗਾਉਣ ਲੱਗ ਰਹੀ ਸੀ। ਜੀਵਾਂ ਦੇ ਕਰਮ-ਲੇਖ ਲਿਖਣ ਵਾਲੇ ਚਿੱਤਰ ਗੁਪਤ, ਅਤੇ ਹਰ ਕਿਸੇ ਦੀ ਕਰਮ ਗਤੀ ਵਾਚਣ ਤੇ ਉਸ ਅਨੁਸਾਰ ਹਰ ਜੀਵ ਦੇ ਆਪੋ ਆਪਣੇ ਭਾਗ ਨਿਸਚਤ ਕਰਨ ਵਾਲਾ ਧਰਮ - ਰਾਜ ਭੀ ਉਸ ਦੀ ਉਸਤਤੀ ਗਾ ਰਹੇ ਸਨ। ਜੀਵਾਂ ਦੇ ਸਿਰਜਨ ਅਤੇ ਲੈਅ ਕਰਨਹਾਰੇ ਬ੍ਰਹਮ ਤੇ ਸਿਵ ਅਤੇ ਰਾਜਾ ਇੰਦਰ ਸਮੂਹ ਦੇਵੀ ਦੇਵਤਿਆਂ ਸਹਿਤ ਉਸ ਦਾ ਜਸ ਪਏ ਗਾਉਂਦੇ ਸਨ। ਸਮਾਧਿ ਸਥਿਤ ਸਿੱਧ ਕਈ ਤਰ੍ਹਾਂ ਦੀਆਂ ਸਾਧਨਾਂ ਕਰਨ ਵਾਲੇ, ਵਿਚਾਰਵਾਨ ਸਾਧ, ਜਤੀ, ਸਤੀ ਤੇ ਸੰਤੋਖੀ ਬਿਰਤੀ ਵਾਲੇ ਲੋਕ ਤੇ ਵੀਰ ਬਹਾਦਰ ਭੀ ਉਸ ਨੂੰ ਗਾ ਰਹੇ ਸਨ। ਜੁਗਾਂ ਜੁਗਾਂਤਰਾਂ ਦੇ ਵੇਦਪਾਠੀ ਪੰਡਤ ਤੇ ਰਿਸ਼ੀ ਮੁਨੀ ਅਤੇ ਤਿੰਨਾਂ ਲੋਕਾਂ ਅੰਦਰ ਵਸਦੀਆਂ ਮਨਮੋਹਣੀਆਂ ਇਸਤ੍ਰੀਆਂ, ਚੌਦਾਂ ਰਤਨ ਅਠਾਹਠ ਤੀਰਥ, ਮਹਾਂਬਲੀ ਸੂਰਮੇ ਅਤੇ ਚਾਰੇ ਖਾਣੀਆਂ ਦੇ ਸਾਰੇ ਜੀਵ ਜੰਤ ਉਸ ਨਿਰੰਕਾਰ ਦਾ ਜਸ ਗਾ ਰਹੇ ਹਨ। ਉਸ ਦੀ ਸਾਰੀ ਸ੍ਰਿਸ਼ਟੀ ਦੇ ਨੌ ਖੰਡ ਸਾਰੇ ਮੰਡਲ ਬਲਕਿ ਸਮੁੱਚਾ ਬ੍ਰਹਿਮੰਡ ਹੀ ਉਸ ਨੂੰ ਧਿਆਉਂਦਾ ਸੀ।

ਕਰਤਾ ਪੁਰਖ ਵਾਹਿਗੁਰੂ ਦੀ ਰਚਨਾ ਨੂੰ ਆਪਣੇ ਸਿਰਜਣਹਾਰ ਦਾ ਜਸ ਗਾਉਂਦਿਆਂ ਵੇਖ, ਗੁਰੂ ਨਾਨਕ ਦੇ ਹਿਰਦੇ--

**ਵੇਖਿ ਵਿਡਾਣੁ ਰਹਿਆ ਵਿਸਮਾਦੁ ।।੧।।੩।।**

(ਪੰਨਾ-੪੬੪)

ਅਤੇ ਐਸੀ ਵਿਸਮਾਦਤਾ ਅੰਦਰ ਲੀਨ ਹੋਇ ਆਪ ਭੀ ਉਸ ਬ੍ਰਹਿਮੰਡੀ ਸੰਗੀਤ (orchestra)ਵਿਚ ਸ਼ਰੀਕ ਹੋ ਕੇ ਗਾ ਉਠੇ --

**ਆਦਿ ਸਚੁ. ਜੁਗਾਦਿ ਸਚੁ ।।**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।੧।।**

ਗੁਰੂ ਨਾਨਕ ਦਾ ਕੋਮਲ ਹਿਰਦਾ ਜੋ ਲੋਕ- ਹਿੱਤਾਂ ਅਤੇ ਲੋਕ- ਪਿਆਰ ਨਾਲ ਭਰਪੂਰ ਸੀ ਨੇ ਚਾਹਿਆ ਕਿ ਸਾਰੀ ਲੁਕਾਈ ਇਸ ਅਦੁੱਤੀ ਆਰਕੈਸਟਰਾ (ਬ੍ਰਹਿਮੰਡੀ ਸੰਗੀਤ) ਵਿੱਚ ਸ਼ਰੀਕ ਹੋਵੇ ਅਤੇ ਇਸ ਦਾ ਅਲੌਕਿਕ ਰਸ ਮਾਣੇ। ਖਾਸ ਕਰ, ਜਦੋਂ ਸਾਰਾ ਸੰਸਾਰ ਹੀ ਤ੍ਰਿਸ਼ਨਾ ਦੀ ਅੱਗ ਅੰਦਰ ਸੜ ਰਿਹਾ ਸੀ:-

**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਵੀ ਦਿਸਿਆਈ ।।** (ਭਾਈ ਗੁਰਦਾਸ ਜੀ, ਵਾਰ ੧/੨੪)

ਤਾਂ ਬਾਬਾ ਨਾਨਕ ਦੇਵ ਜੀ ਨੂੰ ਇਸ ਅੱਗ ਅੰਦਰ ਸੜ ਰਹੀ ਲੁਕਾਈ ਦੇ ਬਚਾਉ ਦਾ ਇਕੋ ਇਕ ਮੁਸਤਕਿਲ ਸਾਧਨ ਉਸ ਆਰਕੈਸਟਰਾ (ਅਰਸ਼ੀ ਸੰਗੀਤ) ਦੀ ਅਨੰਦਮਈ ਤੇ ਮਨਮੋਹਣੀ ਧੁਨੀ ਅੰਦਰ ਸ਼ਰੀਕ ਹੋਣ ਵਿਚ ਹੀ ਨਜ਼ਰੀਂ ਪਿਆ।

ਜਿਨ੍ਹਾਂ ਲੋਕਾਂ ਦੇ ਹਿਤਾਂ ਨੇ ਗੁਰੂ ਨਾਨਕ ਦਾ ਹਿਰਦਾ ਟੁੰਬਿਆ, ਉਹ ਅਰਸ਼ੀ ਨਹੀਂ ਸਨ, ਫ਼ਰਸ਼ੀ ਸਨ, ਦੁਨੀਆਦਾਰ ਸਨ। ਉਹ ਇਸ ਬ੍ਰਹਿਮੰਡੀ ਸੰਗੀਤ (ਆਰਕੈਸਟਰਾ) ਵਿੱਚ ਸ਼ਾਮਲ ਹੋਣ ਦੇ ਸਮਰੱਥ ਨਹੀਂ ਸਨ। ਇਸ ਲਈ ਜ਼ਰੂਰੀ ਸੀ ਕਿ ਅਰਸ਼ੀ ਧੁਨੀ ਨੂੰ ਫ਼ਰਸ਼ ਤੇ ਸੁਣਨ ਯੋਗ ਬਣਾਇਆ ਜਾਏ, ਤਾਂਕਿ ਫ਼ਰਸ਼ੀ ਲੋਕ ਉਸ ਵਿੱਚ ਸ਼ਰੀਕ ਹੋ ਸਕਣ ਅਤੇ ਇਸ ਨੂੰ ਉਸੇ ਤਰ੍ਹਾਂ ਗਾ ਕੇ, ਉਹ ਇਸ 'ਅਨਹਦ ਧੁਨੀ' ਦਾ ਰਸ ਉਵੇਂ ਹੀ ਮਾਣ ਸਕਣ ਜਿਸ ਤਰ੍ਹਾਂ ਅਰਸ਼ੀ ਆਰਕੈਸਟਰਾ ਦਾ ਰਸ ਗੁਰੂ ਨਾਨਕ ਨੇ ਆਪੂੰ ਮਾਣਿਆ ਸੀ।

ਸੋ ਗੁਰੂ ਨਾਨਕ ਨੇ ਉਸ ਅਰਸ਼ੀ ਸੰਗੀਤ ਨੂੰ ਫਰਸ਼ੀ ਲੋਕਾਂ ਦੇ ਸਮਝਣ ਯੋਗ ਬਣਾਉਣ ਲਈ, ਉਨ੍ਹਾਂ ਦੀ ਬੋਲੀ ਦਾ ਜਾਮਾ ਪਹਿਨਾਇਆ ਅਤੇ ਗਾਉਣ ਯੋਗ ਅੱਖਰਾਂ ਅਤੇ ਸੁਰ - ਤਾਲ ਅੰਦਰ ਪ੍ਰਗਟਾਇਆ, ਅਤੇ ਇਸ ਗੱਲ ਦੀ ਸ਼ਾਹਦੀ ਇਹ ਕਹਿ ਕੇ ਭਰੀ-

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।।** (ਪੰਨਾ ੭੨੨)

ਅਤੇ ਇਸ ਖਸਮ ਕੀ ਬਾਣੀ ਨੂੰ ਲੁਕਾਈ ਪ੍ਰਤੀ ਇਉਂ ਗਾਉਣ ਦੀ ਤਾਕੀਦ ਕੀਤੀ-

**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ।।** (ਪੰਨਾ-੩੫੧)

ਫਿਰ ਤੀਜੇ ਗੁਰੂ ਨਾਨਕ ਨੇ ਵੀ ਇਹੋ ਗੱਲ ਦ੍ਰਿੜਾਈ-

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ**
**ਗਾਵਹੁ ਸਚੀ ਬਾਣੀ ।।** (ਪੰਨਾ-੯੨੦)


www.AKJ.Org

ਅਤੇ ਪੰਜਵੇਂ ਗੁਰੂ ਨਾਨਕ ਨੇ ਇਉਂ ਮੁਹਰ ਲਾਈ-

**ਪ੍ਰਭ ਬਾਣੀ ਸਬਦੁ ਸੁਭਾਖਿਆ ।।**
**ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੇ ਤੂ ਰਾਖਿਆ ।।**
**ਰਹਾਉ ।।** (ਪੰਨਾ ੬੧੧)

ਅਤੇ ਫਿਰ ਇਹ ਵੀ ਆਖਿਆ-

**ਜੋ ਜੋ ਕਥੈ ਸੁਨੈ ਹਰਿ ਕੀਰਤਨੁ**
**ਤਾ ਕੀ ਦੁਰਮਤਿ ਨਾਸੁ ।੨।।੧੨।।** (ਪੰਨਾ ੧੩੦੦)

ਪ੍ਰਭੂ - ਦਰਬਾਰ ਅੰਦਰ ਨਿਰੰਤਰ ਚਲ ਰਹੇ ਰਸ ਭਿੰਨੇ ਹਰਿ - ਜਸ - ਸੰਗੀਤ (ਆਰਕੈਸਟਰਾ) ਅਤੇ ਮਾਨਵੀ ਹਿਰਦੇ ਪਰ ਇਸ ਦਾ ਰਸ ਭਿੰਨੜਾ ਪ੍ਰਭਾਵ ਹੀ ਕਾਰਨ ਸੀ ਸਮੁੱਚੀ ਗੁਰੂ - ਰਚਨਾ ਦੇ ਕਾਵਿ ਰੂਪ ਵਿੱਚ ਭਿੰਨ ਭਿੰਨ ਰਾਗ - ਰਾਗਣੀਆਂ ਅੰਦਰ ਉਚਾਰੇ ਜਾਣ ਦਾ । ਸਤਿਗੁਰੂ ਸਾਹਿਬਾਨ ਨੇ ਇਸ ਨੂੰ ਵਧੇਰੇ ਲੋਕ - ਪ੍ਰਿਅ ਬਣਾਉਣ ਲਈ ਪ੍ਰਚਲਤ ਲੋਕ - ਤਰਜਾਂ - ਵਾਰਾਂ, ਛੰਦਾਂ, ਘੋੜੀਆਂ, ਅਲਾਹਣੀਆਂ ਆਦਿ ਦੀ ਵਰਤੋਂ ਕੀਤੀ ਅਤੇ ਲੋਕ - ਰੀਤੀ ਅਨੁਸਾਰ ਹੀ ਬਾਰਾਮਾਹੇ, ਰੁਤਾਂ ਥਿਤਾਂ, ਸਤਵਾਰੇ ਆਦਿ ਲਿਖੇ। ਅਧਿਆਤਮਕ ਵਿਚਾਰਾਂ ਨੂੰ ਰੌਚਕ ਬਣਾਉਣ ਲਈ ਭਾਂਤ ਭਾਂਤ ਦੇ ਅਲੰਕਾਰ ਵਰਤਣ ਦੀ ਖੁੱਲ੍ਹ ਲਈ, ਜਿਵੇਂ ਪਤਨੀ ਤੇ ਪਤੀ ਦੇ ਵਿਛੋੜੇ ਦੀ ਤੜਪ ਤੇ ਮੇਲ ਅਨੰਦ, ਮਾਤਾ ਪਿਤਾ ਤੇ ਪੁੱਤਰ ਅਤੇ ਮਿੱਤਰਾਂ ਦੇ ਵਿਛੋੜੇ ਤੇ ਮੇਲ, ਅਤੇ ਇਸੇ ਤਰ੍ਹਾਂ ਮੱਛੀ ਤੇ ਪਾਣੀ, ਭੌਰਾ ਤੇ ਫੁੱਲ, ਪਤੰਗਾ ਤੇ ਲਾਟ, ਕੋਇਲ ਤੇ ਅੰਬ, ਚੰਦ ਤੇ ਚਕੋਰ, ਬੱਦਲ ਤੇ ਮੋਰ, ਚਕਵੀ ਤੇ ਸੂਰਜ ਆਦਿ ਦੇ ਅਲੰਕਾਰ।

ਪਰ ਇਹ ਸਾਰਾ ਕੁਝ ਕਰਦੇ ਹੋਏ ਅਤੇ ਇਲਾਹੀ ਸੰਗੀਤ ਨੂੰ ਫ਼ਰਸ਼ੀ ਲੋਕਾਂ ਦੇ ਗਾਉਣ ਤੇ ਰਸ ਮਾਣਨ ਯੋਗ ਬਣਾਉਂਦੇ ਹੋਏ ਵੀ, ਸਤਿਗੁਰੂ ਜੀ ਵਾਸਤੇ ਇਕ ਅਤਿ ਮਹੱਤਵ - ਪੂਰਨ ਵਿਚਾਰਨ ਯੋਗ ਗੱਲ ਪ੍ਰਚਲਤ ਲੋਕ - ਸਾਧਨਾਂ ਵਲ ਧਿਆਨ ਦੇਣ ਦੀ ਸੀ। ਲੋਕ ਅਕਸਰ ਪ੍ਰਭੂ - ਦਰਬਾਰ ਤੱਕ ਆਪਣੀ ਪਹੁੰਚ ਅਤੇ ਪ੍ਰਭੂ ਦੇ ਪਰਤੱਖ ਦਰਸ਼ਨ ਕਰ ਸਕਣ ਦਾ ਮੁੱਖ ਸਾਧਨ ਇਕਾਂਤ ਵਿੱਚ ਸਮਾਧੀ ਲਾਉਣਾ ਹੀ ਮੰਨੀ ਬੈਠੇ ਸਨ, ਜਿਸ ਦੇ ਲਈ ਉਹ ਯੋਗ - ਆਸਣ ਲਾਉਣੇ ਅਤੇ ਮਨ ਦੇ ਟਿਕਾਉ ਲਈ ਕਈ ਤਰ੍ਹਾਂ ਦੇ ਨਿਉਲੀ ਕਰਮ ਆਦਿ ਕਰਮ - ਕਾਂਡ ਕਰਨੇ ਜ਼ਰੂਰੀ ਜਾਣਦੇ ਸਨ। ਅਜਿਹੇ ਸਾਧਕਾਂ ਨੂੰ ਉਨ੍ਹਾਂ ਦੀ ਆਪੂੰ ਸਹੇੜੀ ਇਕੱਲ ਵਿਚੋਂ ਉਠਾ ਕੇ, ਮਿਲਾ ਕੇ ਉਠਾਏ ਤੇ ਗਾਏ ਸੰਗਤੀ ਸੰਗੀਤ ਵਿਚ ਜੋੜਨਾ ਨਵੀਂ ਸਮੱਸਿਆ ਸੀ। ਜਿਨ੍ਹਾਂ ਲੋਕਾਂ ਨੇ ਗਾਉਣ ਵਜਾਉਣ ਨੂੰ ਦੁਨਿਆਵੀ ਪੱਧਰ ਤੇ ਹੀ ਵੇਖਿਆ ਜਾਚਿਆ ਸੀ, ਉਹ ਕਿਸ ਤਰ੍ਹਾਂ ਮੰਨ ਸਕਦੇ ਸਨ ਕਿ ਰੱਬ ਦੇ ਘਰ ਵੀ ਇਸ ਦਾ ਵਿਸ਼ੇਸ਼ ਥਾਉਂ ਹੈ, ਸਗੋਂ ਰੱਬ ਦੇ ਦੁਆਰ ਕੀਤਾ ਸੰਗੀਤ ਅਤੇ ਹਰੀ ਜਸ ਗਾਇਨ, ਉਸ ਨੂੰ ਆਪਣੀ ਪ੍ਰੇਮ - ਤਣਾਵਾਂ ਅੰਦਰ ਬੰਨ੍ਹ ਲੈਣ ਲਈ ਸਦੀਆਂ ਤੋਂ ਨਿਰੰਤਰ ਲਾਈਆਂ ਜਾ ਰਹੀਆਂ ਸਮਾਧੀਆਂ ਨਾਲੋਂ ਵਧੇਰੇ ਸਮਰੱਥ ਹੈ।

ਗੁਰੂ ਨਾਨਕ ਦੇ ਮਨ ਅੰਦਰ ਤਾਂ ਇਸ ਬਾਰੇ ਕੋਈ ਸ਼ੱਕ ਹੀ ਨਹੀਂ ਸੀ। ਸੋ ਉਨ੍ਹਾਂ ਨੇ ਇਸ ਅਰਸ਼ੀ ਸੰਗੀਤ ਦੀ ਸਮਰੱਥਾ ਨੂੰ ਸਿੱਧਾਂ, ਸਾਧਾਂ, ਜੋਗੀਆਂ, ਸੰਨਿਆਸੀਆਂ, ਪੰਡਤਾਂ ਅਤੇ ਪੀਰਾਂ ਫ਼ਕੀਰਾਂ ਤੇ, ਸਗੋਂ ਚੋਰਾਂ, ਠੱਗਾਂ, ਡਾਕੂਆਂ ਅਤੇ ਜਾਦੂਗਰਾਂ ਤੇ ਪਰਖਿਆ ਅਤੇ ਨਿਸ਼ਚੇ ਕਰ ਵਿਖਾਇਆ ਕਿ ਹਰਿ ਕੀਰਤਨ ਹੀ ਪ੍ਰਭੂ - ਪ੍ਰੀਤਮ ਨੂੰ ਰੀਝਾਉਣ ਦਾ ਇਕੋ ਇਕ ਸਾਧਨ ਹੈ। ਜਿਸ ਨੂੰ ਕੋਈ ਪਾਠ ਪੂਜਾ, ਜਾਪ ਤਾਪ, ਗਿਆਨ, ਧਿਆਨ, ਸਿਧ ਸਮਾਧੀ ਆਦਿ ਨਹੀਂ ਪੁਜ ਸਕਦੇ।

ਅਰਸ਼ੀ ਸੰਗੀਤ ਦਾ ਇਹ ਸਾਧਨ ਉਨ੍ਹਾਂ ਸਾਧਾਰਨ ਲੋਕਾਂ ਨੂੰ ਵੀ ਟੁੰਬ ਦੇਂਦਾ ਹੈ ਜੋ ਪਾਠ ਪੂਜਾ, ਗਿਆਨ ਧਿਆਨ ਅਤੇ ਸਮਾਧੀ ਆਦਿ ਲਾਉਣਾ ਨਹੀਂ ਜਾਣਦੇ ਹੁੰਦੇ। ਹੌਲੇ ਤੋਂ ਹੌਲਾ ਮਨੁੱਖ ਭੀ ਰਾਗ ਦੇ ਅਸਰ ਨੂੰ ਕਬੂਲਦਾ ਹੈ। ਮਨੁੱਖ ਤਾਂ ਕੀ, ਪਸ਼ੂ ਪੰਛੀ ਤੇ ਰੁੱਖ ਬਿਰਖ ਭੀ ਸੰਗੀਤ ਦੇ ਪ੍ਰਭਾਵ ਨੂੰ ਕਬੂਲਦੇ ਹਨ। ਦੱਸਿਆ ਜਾਂਦਾ ਹੈ ਕਿ ਜਿਨ੍ਹਾਂ ਰੁੱਖਾਂ ਬਿਰਖਾਂ ਹੇਠ ਅਰਸ਼ੀ ਸੰਗੀਤ ਦੀ ਧੁਨ ਉਠਾਈ ਜਾਂਦੀ ਹੈ, ਉਹ ਚੰਗੇਰਾ ਤੇ ਵਧੇਰੇ ਫੱਲ ਫੁੱਲ ਦੇਂਦੇ ਹਨ।

ਅਜਿਹੀ, ਸੂਖਮ ਸ਼ਬਦ - ਧੁਨੀ ਦਾ ਉਨ੍ਹਾਂ ਸੁਭਾਗੇ ਪੁਰਖਾਂ ਅੰਦਰ ਉਠਾਣਾ ਅਤੇ ਅਣਬੋਲੇ ਤੇ ਅਣਸੁਣੇ ਚਲਦੇ ਜਾਣਾ ਭੀ ਵੇਖਣ ਵਿਚ ਆਉਂਦਾ ਹੈ, ਜੋ ਕਿਸੇ ਸ਼ਬਦ (ਵਾਹਿਗੁਰੂ) ਜਾਂ ਗੁਰਬਾਣੀ ਦੇ ਕਿਸੇ ਮਹਾਂ ਵਾਕ ਦੇ ਸੁਰ - ਤਾਲ ਅੰਦਰ ਉਚਾਰੇ ਜਾਂ ਸੁਣੇ ਕੀਰਤਨ ਅੰਦਰ ਲੀਨ ਰਹਿੰਦੇ ਹਨ। ਇਸ ਸੂਖਮ ਧੁਨੀ ਦਾ ਅੰਦਰੇ ਅੰਦਰ ਉਪਜਦੇ ਅਤੇ ਚਲਦੇ ਰਹਿਣ ਨਾਲ ਹੀ ਸਿਮਰਨ ਦੀ ਉਹ ਦਸ਼ਾ ਵਾਪਰਦੀ ਹੈ ਜਿਸ ਦੇ ਦਿਨ ਰਾਤ ਕਰਦੇ ਰਹਿਣ ਦੀ ਵਾਰ ਵਾਰ ਤਾਕੀਦ ਹੈ। ਐਸੀ ਧੁਨ ਅੰਦਰ ਲੀਨ ਹੋਇਆ ਹਿਰਦਾ ਹੀ ਮਾਇਕ ਮੋਹ - ਮਮਤਾ ਅਤੇ ਹੋਰ ਵਿਚਾਰਾਂ ਦੇ ਪ੍ਰਭਾਵ ਤੋਂ ਬਚਿਆ ਰਹਿ ਸਕਦਾ ਅਤੇ ਨਾਮ ਵੱਲ ਪ੍ਰੇਰਤ ਹੋ ਸਕਦਾ ਹੈ।

ਸ਼ਬਦ ਦੀ ਇਸ ਪ੍ਰਕਾਰ ਲਗਾਤਾਰ ਚਲਦੀ ਧੁਨੀ ਦੁਆਰਾ ਮਨੁੱਖੀ ਸੁਰਤ ਦੇ ਇਕ - ਸੁਰ ਹੋਇ ਰਹਿਣ ਨੂੰ ਸਿਮਰਨ ਦਾ ਸਿਖਰ ਮੰਨਿਆ ਜਾ ਸਕਦਾ ਹੈ। ਇਸੇ ਲਈ ਗੁਰਮਤਿ ਅੰਦਰ 'ਹਰਿ ਕੀਰਤਿ' ਨੂੰ ਕਰਮਾਂ ਸਿਰ ਕਰਮ ਕਥਿਆ ਅਤੇ ਧੁੰਨ-ਦਾਨ ਆਦਿ ਸਾਰੇ ਕਰਮਾਂ ਤੋਂ ਉੱਚਤਮ ਥਾਂ ਪ੍ਰਦਾਨ ਕੀਤਾ ਹੈ। ਫ਼ੁਰਮਾਨ ਹੈ-


www.AKJ.Org

–ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ।।੨।।੪।।

(ਬਿਲਾਵਲ ਮ. ੩, ਪੰਨਾ ੭੯੭)

–ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ।।
ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ।।੧।।੩।। (ਟੋਡੀ ਮ.੫, ਪੰਨਾ ੭੧੮)

ਸਤਿ ਪੁਰਸ਼ਾਂ ਦੀ ਸੰਗਤਿ ਵਿੱਚ ਜੁੜ ਕੇ ਹਰੀ ਜਸ ਗਾਉਣਾ ਉਸੇ ਰੱਬੀ ਆਰਕੇਸਟਰਾ (orchestra) ਦਾ ਸੰਕੇਤ ਦੇਂਦਾ ਹੈ। ਜਿਸ ਦਾ ਤ੍ਰੈਕਾਲ ਅਤੇ ਕਾਲ ਦੀ ਸੀਮਾ ਤੋਂ ਬਾਹਰ ਹੀ ਪਾਰਬ੍ਰਹਮ ਪਰਮੇਸ਼ਰ ਦੇ ਹਜ਼ੂਰ ਹੁੰਦੇ ਹੋਣਾ ਗੁਰੂ ਨਾਨਕ ਨੇ ਆਪਣੀ ਅਨੁਭਵੀ ਸੂਝ ਅੰਦਰ ਵੇਖਿਆ ਅਤੇ ਆਪੂੰ ਉਸ ਵਿੱਚ ਸ਼ਾਮਲ ਹੋਕੇ ਇਸ ਦਾ ਰਸ ਮਾਣਿਆ ਸੀ, ਜਿਸ ਰਸ ਦੇ ਮਾਣਨ ਦੀ ਪ੍ਰੇਰਨਾ ਦੇਣ ਹਿਤ ਆਪ ਨੇ ਅਤਿ ਉਮਾਹ ਵਿੱਚ ਚਾਉ ਭਰੇ ਹਿਰਦੇ ਨਾਲ ਪ੍ਰਾਣੀ ਮਾਤਰ ਨੂੰ ਆਪਣੇ ਪ੍ਰੀਤਮ ਨਾਲ ਮੇਲਣ ਲਈ ਇਕ ਮੰਗਲ ਮਈ ਗੀਤ ਗਾਉਣ ਲਈ ਪ੍ਰੇਰਿਆ-

ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ।।
ਹਮਰੈ ਘਰਿ ਆਇਆ ਜਗਜੀਵਨੁ ਭਤਾਰੁ।।੧।।ਰਹਾਉ।।

(ਪੰਨਾ ੩੫੧)

ਇਸੇ ਗੱਲ ਨੂੰ ਕਬੀਰ ਜੀ ਨੇ ਵੀ ਇਉਂ ਬਿਆਨਿਆ ਹੈ-

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ।।੧।। ਰਹਾਉ।।

(ਪੰਨਾ ੪੮੨)

ਇਹ ਸੱਦਾ ਇਕ ਵਾਰ ਹੀ ਨਹੀਂ, ਸਗੋਂ ਸਮੁੱਚੀ ਬਾਣੀ - ਰਚਨਾ ਅੰਦਰ ਗੁਰੂ ਸਾਹਿਬਾਨ ਵਲੋਂ ਵਾਰ-ਵਾਰ ਹਰਿ ਜਸ ਗਾਉਣ ਅਤੇ ਸਦੀਵਕਾਲ ਗਾਉਂਦੇ ਰਹਿਣ ਦੇ ਆਦੇਸ਼ ਦੁਆਰਾ ਦਿੱਤਾ ਗਿਆ ਹੈ।

ਗੁਰਮਤਿ ਦੇ ਤਿੰਨ ਨੁਕਤੇ ਸਪਸ਼ਟ ਹਨ-

੧) ਗੁਰਬਾਣੀ ਦਾ ਕਥਨ - ਢੰਗ (Approach) ਮਨੋਵਿਗਿਆਨਕ (Mychological) ਹੈ। ਇਹ ਪਾਠਕ ਤਥਾ ਸ੍ਰੋਤੇ ਦੇ ਮਨ ਨੂੰ ਟੁੰਬ ਦੇਂਦੀ ਹੈ। ਇਹ ਬਾਣੀ ਰਚਨਹਾਰ (ਗੁਰੂ) ਦੇ ਅੰਤਸ਼ਕਰਣ ਤੋਂ ਉੱਠੇ ਦਿਲ ਤਰੰਗ ਹਨ, ਜੋ ਸ੍ਰੋਤੇ ਦੇ ਮਨ ਨੂੰ ਧੂਹ ਪਾਉਂਦੇ ਅਤੇ ਹਿਰਦੇ ਵਿੰਨ੍ਹਦੇ ਤੁਰੇ ਜਾਂਦੇ ਹਨ। ਇਸੇ ਵਡਿਆਈ ਸਦਕਾ ਹੀ ਇਨ੍ਹਾਂ ਦੀ ਬਣਤਰ ਕਾਵਿ ਢੰਗ ਦੀ ਹੈ। ਤੇ ਸੰਗੀਤ ਦਾ ਰੂਪ ਲੈ ਕੇ ਹੋਰ ਵਧੇਰੇ ਆਕਰਸ਼ਤ ਬਣ ਜਾਂਦੀ ਹੈ।

੨) ਅਜਿਹੇ ਦਿਲ - ਤਰੰਗਾਂ ਨੂੰ ਸੰਗੀਤ ਦੀ ਦਿੱਤੀ ਪਾਹ ਸੋਨੇ ਉਪਰ ਸੁਹਾਗੇ ਦਾ ਅਸਰ ਰਖਦੀ ਹੈ, ਇਸੇ ਲਈ ਥਾਂ ਪਰ ਥਾਂ ਕੀਰਤੀ ਕਰਨਾ, ਅਥਵਾ, ਗਾਉਣ ਦੀ ਪ੍ਰੇਰਨਾ ਦਿਤੀ ਹੈ ਅਤੇ ਵਾਰ ਵਾਰ 'ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ' ਅਤੇ 'ਦਿਨੁ ਭੀ ਗਾਵਉ ਰੈਨੀ ਗਾਵਉ' ਅਤੇ ਸਵਾਸ ਸਵਾਸ ਰਸਨਾ ਦੁਆਰਾ ਗਾਉਣ ਦਾ ਹੁਕਮ ਦਿਤਾ ਹੈ। ਇਹੋ ਕਾਰਨ ਹੈ ਕਿ ਗੁਰੂ ਘਰ ਅੰਦਰ ਕੀਰਤਨ ਨੂੰ ਹੀ ਵਾਹਿਗੁਰੂ ਦੀ ਯਾਦ ਨੂੰ ਹਿਰਦੇ ਅੰਦਰ ਵਸਾਉਣ ਦਾ ਸਾਧਨ ਮਿਥਿਆ ਹੈ।

੩) ਐਸਾ ਕੀਰਤਨ ਗਾਉਣ ਸੁਣਨ ਦਾ ਸਥਾਨ ਸੰਗਤ ਹੈ, '**ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ**'। ਪਾਰਬ੍ਰਹਮ ਦੇ ਦੁਆਰੇ ਅਰਸ਼ਾਂ ਅੰਦਰ ਜਿਸ ਬ੍ਰਹਿਮੰਡੀ ਸੰਗੀਤ ਤੇ ਗੁਰੂ ਨਾਨਕ ਦੇਵ ਪ੍ਰਭਾਵਤ ਹੋਏ ਸਨ, ਉਹੋ ਜਿਹਾ ਆਰਕੇਸਟਰਾ (ਅਰਸ਼ੀ ਸੰਗੀਤ) ਉਹ ਫ਼ਰਸ਼ (ਦੁਨੀਆਂ) ਨੂੰ ਦੇਣਾ ਅਤੇ ਏਥੇ ਹੁੰਦਾ ਵੇਖਣਾ ਚਾਹੁੰਦੇ ਹਨ। ਇਸ ਵਾਸਤੇ ਉਨ੍ਹਾਂ ਨੇ ਵਾਰ ਵਾਰ ਤਾਕੀਦ ਕੀਤੀ ਹੈ ਕਿ-

ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ।।੧।।੬੩।। (ਪੰਨਾ ੩੬੮)

ਗੁਰੂ ਨਾਨਕ ਦੇਵ ਜੀ ਵਲੋਂ ਗੁਰਸਿੱਖੀ ਦੇ ਉਪਦੇਸ਼ ਤੇ ਪਰਚਾਰ ਦੇ ਮਹਿਲ ਨੂੰ ਲਗਾਈ ਪਹਿਲੀ ਇੱਟ ਕਾਵਿ - ਕਲਾ ਅਤੇ ਸੰਗੀਤ ਦੀ ਸੀ। ਉਨ੍ਹਾਂ ਦੇ ਪਿਛੋਂ ਆਉਣ ਵਾਲੇ ਨੌਂ ਗੁਰੂ ਸਾਹਿਬਾਨ ਦੇ ਸਮੇਂ ਅੰਦਰ ਕਾਵਿ ਤੇ ਸੰਗੀਤ - ਕਲਾ ਹੋਰ ਵੀ ਸਿਖਰ ਤੇ ਪੁੱਜ ਗਈਆਂ, ਜਿਸ ਦਾ ਸਾਨੀ ਅਤੇ ਜਿਸ ਤਕ ਪਹੁੰਚ ਦੀ ਮਿਸਾਲ ਹੁਣ ਤੱਕ ਨਹੀਂ ਮਿਲਦੀ। ਏਨਾ ਹੀ ਨਹੀਂ, ਸਗੋਂ ਸਤਿਗੁਰੂ ਜੀ ਵਲੋਂ ਕੇਵਲ ਕੀਰਤਨ ਨੂੰ ਹੀ ਪ੍ਰਭੂ - ਪੂਜਾ ਦਾ ਵਾਹਿਦ ਸਾਧਨ ਕਰਾਰ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਪਰਚਾਰ ਫੇਰੀਆਂ ਸਮੇਂ ਹਮੇਸ਼ਾ ਹੀ ਭਾਈ ਮਰਦਾਨੇ ਨੂੰ, ਜੋ ਜਾਤਿ ਦਾ ਮਰਾਸੀ ਸੀ, ਨੂੰ ਆਪਣੇ ਨਾਲ ਰੱਖਿਆ। ਜਦੋਂ ਕਦੇ ਆਪ ਬਾਣੀ ਦਾ ਉਚਾਰਨ ਕਰਦੇ ਤਾਂ ਕਹਿੰਦੇ, 'ਮਰਦਾਨਿਆ ਛੇੜ ਰਬਾਬ, ਬਾਣੀ ਆਈ ਹੈ। ਭਾਈ ਮਰਦਾਨਾ ਰਬਾਬ ਵਜਾਉਂਦਾ ਅਤੇ ਆਪ ਸ਼ਬਦ ਦੀ ਧੁੰਨ ਗੁੰਜਾਉਂਦੇ। ਆਪ ਦੇ ਪਰਚਾਰ ਦਾ ਮਾਧਿਅਮ ਹੀ ਕੀਰਤਨ ਸੀ।

ਸੋ, ਜੇ ਇਹ ਕਹਿ ਦਿਤਾ ਜਾਏ ਕਿ ਗੁਰੂ ਘਰ ਅੰਦਰ ਕੀਰਤਨ, ਜਿਸ ਅੰਦਰ ਗਾਇਕ ਅਤੇ ਸ੍ਰੋਤੇ ਦੀ ਬਿਰਤੀ ਜੁੜੀ ਹੈ, ਹੀ ਨਾਮ ਸਿਮਰਨ ਦਾ ਇਕੋ ਇਕ ਸਾਧਨ ਹੈ, ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

(ਨਾਨਕ ਨਿਰਮਲ ਪੰਥ ਚਲਾਇਆ ਵਿਚੋਂ)


www.AKJ.Org

# ਸਚਿਆਰ ਪਦ ਦੀ ਪ੍ਰਾਪਤੀ

(ਜਪੁਜੀ ਸੰਦਰਭ ਵਿਚ) ਡਾ: ਸਮਸ਼ੇਰ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਬਾਣੀ ਵਿਚ ਸਤਿ, ਸਚੁ ਅਤੇ ਸਚਿਆਰਾ ਸ਼ਬਦਾਂ ਦੀ ਬਰਾਬਰ ਵਰਤੋਂ ਹੋਈ ਹੈ। ਇਹ ਸ਼ਬਦ ਅਕਾਲ ਪੁਰਖ, ਗੁਰੂ ਅਤੇ ਸਿੱਖ ਲਈ ਵਰਤੇ ਗਏ ਹਨ। ਸਤਿ, ਸਚ ਅਤੇ ਸਚਿਆਰ ਇਕ ਵਿਕਾਸ ਲੜੀ ਹੈ। ਨਿਰਗੁਣ ਤੋਂ ਸਰਗੁਣ ਵਲ ਪੜਾਅ ਹਨ। ਸਚਿਆਰ ਸ਼ਬਦ ਇਕ ਪਾਸੇ ਤਾਂ ਪ੍ਰਭੂ ਲਈ ਆਇਆ ਹੈ ਤੇ ਦੂਸਰੇ ਪਾਸੇ ਉਸ ਵਲੋਂ ਸਥਾਪਤ ਸ਼ਕਤੀ ਗੁਰੂ ਅਤੇ ਤੀਜਾ ਸਿੱਖ ਦੇ ਆਦਰਸ਼ ਅਤੇ ਪੁੱਗੇ ਹੋਏ ਮਨੁੱਖ ਲਈ ਵਰਤਿਆ ਗਿਆ ਹੈ।

**ਕਿਵ ਸਚਿਆਰਾ ਹੋਈਐ ..........** (ਜਪੁਜੀ ਸਾਹਿਬ)
**ਤੂ ਕਰਤਾ ਸਚਿਆਰ ਮੈਡਾ ਸਾਂਈ।**
(ਆਸਾ ਮ. ੪, ਪੰਨਾ - ੧੧)

ਅਕਾਲ ਪੁਰਖ ਆਪਣੀ ਨਦਰਿ ਦੁਆਰਾ ਮਨੁੱਖ ਨੂੰ ਸਚਿਆਰਾ (ਆਦਰਸ਼ਕ ਮਨੁੱਖ) ਬਣਾ ਦਿੰਦਾ ਹੈ।

**ਨਾਨਕ ਜਿਸਨੋ ਨਦਰਿ ਕਰੇ ਸੋ ਪਾਏ**
**ਸੋ ਹੋਵੈ ਦਰਿ ਸਚਿਆਰਾ।।** (ਪੰਨਾ–੫੯੩)

ਗੁਰਬਾਣੀ ਵਿਚ ਗੁਰੂ ਸਾਹਿਬ ਪਹਿਲਾਂ ਪ੍ਰਸ਼ਨ ਕਰਦੇ ਹਨ, ਸੱਮਿਸਿਆ ਮਨੁੱਖ ਦੇ ਸਾਹਮਣੇ ਰੱਖਦੇ ਹਨ ਫਿਰ ਉਸ ਸੱਮਿਸਿਆ ਦਾ ਹੱਲ ਦਸਦੇ ਹਨ।

(ਸਚਿਆਰੇ) ਸਿੱਖ ਸਤਿਗੁਰ ਦੀ ਹਜ਼ੂਰੀ ਵਿਚ ਉਸ ਦੀ ਮੱਤ ਲੈ ਕੇ ਜੀਵਨ ਆਦਰਸ਼ ਦੀ ਪ੍ਰਾਪਤੀ ਲਈ ਘਾਲਣਾ ਘਾਲਦੇ ਹਨ। ਇਹ ਘਾਲਣਾ ਸਤਿਗੁਰੂ ਦੀ ਬਖਸ਼ਿਸ਼ ਨਾਲ ਹੀ ਸਿਰੇ ਚੜ ਸਕਦੀ ਹੈ।

**ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ. . . .।।**
(ਪੰਨਾ- ੩੦੫)

**ਸਚਿਆਰ ਦਾ ਸਰੂਪ:**

ਸਚਿਆਰ ਇਕ ਆਦਰਸ਼ ਹੈ। ਇਕ ਆਤਮਿਕ ਵਿਕਾਸ ਹੈ। ਇਹ ਨਾ ਤਾਂ ਬਾਹਰੀ ਕਰਮ ਹੈ, ਨਾ ਹੀ ਇਕ ਥਾਂ ਤੋਂ ਦੂਸਰੀ ਥਾਂ ਜਾਣ ਦੀ ਕਿਰਿਆ ਹੈ। ਸੱਚ ਨਾਲ ਇਕਮਿਕਤਾ ਹੈ। ਸੱਚ ਦੇ ਗੁਣ ਧਾਰਨ ਕਰਨਾ ਹੈ। ਇਹ ਸੱਚ ਮਨੁੱਖ ਦੇ ਅੰਦਰ ਹੈ , ਕੇਵਲ ਇਸ ਨੂੰ ਸਾਖਿਆਤ ਕਰਨਾ ਹੈ। ਮਨੁੱਖ ਆਪਣੀ ਵਰਤਮਾਨ ਅਵਸਥਾ ਵਿਚ ਮੈਲਾ ਹੈ, ਅਧੂਰਾ ਹੈ, ਦੈਵੀ ਗੁਣਾਂ ਤੋਂ ਰਹਿਤ ਹੈ। ਇਸ ਨੇ ਉੱਜਲ ਹੋਣਾ ਹੈ, ਪੂਰਨਤਾ ਪ੍ਰਾਪਤ ਕਰਨੀ ਹੈ। ਅੰਤਰ ਆਤਮੇ ਪ੍ਰਭੂ ਜੋਤ ਦਾ ਪ੍ਰਕਾਸ਼ ਕਰਨਾ ਹੈ। ਗੁਰੂ ਜੀ ਨੇ ਸਿੱਧਾਂ ਨੂੰ ਇਸ ਤਰਾਂ ਦਾ ਉਪਦੇਸ਼ ਦਿਤਾ:

**ਕਿਆ ਭਵੀਐ ਸਚਿ ਸੂਚਾ ਹੋਇ।।**
**ਸਾਚ ਸਬਦ ਬਿਨ ਮੁਕਤਿ ਨਾ ਕੋਇ।।੧।।** (ਪੰਨਾ–੯੩੮)

ਸਚਿਆਰ ਪਦ ਦੀ ਪ੍ਰਾਪਤੀ ਵਿਚ ਸਿੱਖ ਦੀ ਅਧਿਆਤਮਿਕ ਚੇਤਨਾ ਦਾ ਪੂਰਨ ਵਿਕਾਸ ਹੁੰਦਾ ਹੈ। ਉਸ ਦੇ ਅੰਤਹ-ਕਰਨ ਦੇ ਚਾਰੇ ਭਾਗ ਸੁਰਤ, ਮਤਿ, ਮਨ ਤੇ ਬੁੱਧ ਸ਼ੁੱਧਰੂਪ ਵਿਚ ਪ੍ਰਕਾਸ਼ਵਾਨ ਹੁੰਦੇ ਹਨ। ਸਚਿਆਰ ਪਦ. ਅਤਿਆਤਮਿਕ ਉਨਤੀ ਦੀ ਸੂਖਮ ਮੰਜ਼ਲ ਦਾ ਨਾਂ ਹੈ। ਮਨੁੱਖ ਹਉਮੈ ਤੋਂ ਪੂਰਨ ਰੂਪ ਵਿਚ ਮੁਕਤ ਹੁੰਦਾ ਹੈ। ਉਹ ਆਪਣੇ ਸੀਮਤ ਆਪੇ ਨੂੰ ਪ੍ਰਭੂ ਦੇ ਅਸੀਮਤ ਆਪੇ ਵਿਚ ਇੱਕ ਮਿੱਕ ਕਰ ਦਿੰਦਾ ਹੈ। ਇਥੇ ਪਹੁੰਚ ਕੇ ਉਸ ਦਾ ਆਪਣਾ ਕੁਝ ਨਹੀਂ ਰਹਿੰਦਾ ਸਭ ਕੁਝ ਪ੍ਰਭੂ ਨੂੰ ਸਮਰਪਿਤ ਕਰ ਦਿੰਦਾ ਹੈ। ਹਉਮੈ ਦਾ ਅਭਾਵ ਹੀ ਸਚਿਆਰ ਪਦ ਤੱਕ ਪਹੁੰਚਣ ਲਈ ਸਹਾਈ ਹੁੰਦਾ ਹੈ।

**ਰਹੈ ਅਤੀਤੁ ਜਾਣੈ ਸਭੁ ਤਿਸਕਾ।।**
**ਤਨੁ ਮਨੁ ਅਰਪੈ ਹੈ ਇਹੁ ਜਿਸਕਾ।।** (ਪੰਨਾ ੮੩੨)

ਸਚਿਆਰ ਪਦ ਰੱਬੀ ਗੁਣਾਂ ਦੀ ਸੋਝੀ ਹੈ, ਇਸ ਪਦ ਤੇ ਪਹੁੰਚ ਕੇ ਸੰਸਾਰ ਦੇ ਪ੍ਰਪੰਚ ਦਾ ਗਿਆਨ ਹੁੰਦਾ ਹੈ। ਸਚਿਆਰ ਇਕ ਆਤਮਿਕ ਬੋਧ ਵਾਲਾ ਮਨੁੱਖ ਹੁੰਦਾ ਹੈ। ਉਹ ਦੈਵੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਉਸ ਨੂੰ ਬ੍ਰਹਮ ਗਿਆਨ ਹੁੰਦਾ ਹੈ। ਉਸ ਦੀ ਬੁੱਧ ਬਿਬੇਕ ਯੁਕਤ ਹੁੰਦੀ ਹੈ। ਉਸ ਦੀ ਮੈਂ, ਤੂੰ ਵਿੱਚ ਬਦਲ ਜਾਂਦੀ ਹੈ। ਇਸ ਅਵਸਥਾ ਤੇ ਪਹੁੰਚਕੇ ਸਾਧਯ (ਅਕਾਲ ਪੁਰਖ) ਸਾਧਕ (ਸਿੱਖ) ਅਤੇ ਉਸ ਦਾ ਸਾਧਨ (ਨਾਮ) ਤਿੰਨੇ ਹੀ ਇੱਕਮਿੱਕ ਹੋ ਜਾਂਦੇ ਹਨ। ਜੋਤ ਪਰਮਜੋਤ ਵਿਚ ਮਿਲ ਜਾਂਦੀ ਹੈ, ਲਹਿਰ ਮੁੜ ਸਮੁੰਦਰ ਵਿਚ ਸ਼ਾਂਤ ਹੋ ਜਾਂਦੀ ਹੈ। ਇਸ ਮਨੁੱਖ ਨੇ ਆਤਮਦਾਨ ਲਿਆ ਹੁੰਦਾ ਹੈ, ਉਹ ਪੁੱਗ ਚੁੱਕਾ ਹੁੰਦਾ ਹੈ। ਉਹ ਪ੍ਰਭੂ ਕਿਰਪਾ ਦਾ ਪਾਤਰ ਬਣ ਜਾਂਦਾ ਹੈ। ਤੀਸਰੇ ਨਾਨਕ ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹਨ:

**ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ।।**
(ਪੰਨਾ - ੭੮੬)

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।।**
(ਜਪੁਜੀ ਸਾਹਿਬ)

ਗੁਰਮਤਿ ਅਨੁਸਾਰ ਸਚਿਆਰ ਪਦ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਮਰਨ ਤੋਂ ਬਾਅਦ ਦੀ ਪ੍ਰਾਪਤੀ ਨਹੀਂ ਸਗੋਂ ਇਹ ਅਵਸਥਾ ਜੀਉਂਦਿਆ ਹੀ ਪ੍ਰਾਪਤ ਕੀਤੀ ਜਾਂਦੀ ਹੈ। ਸਚਿਆਰਾ, ਸੰਨਿਆਸੀ, ਜੋਗੀ ਤੇ ਵੈਰਾਗੀ ਨਹੀਂ ਸਗੋਂ ਪੂਰਨ ਕਿਰਿਆਸ਼ੀਲ ਕਰਮਯੋਗੀ ਹੁੰਦਾ ਹੈ। ਉਹ ਜੀਵਨ ਦੇ ਹਰ ਖੇਤਰ ਵਿਚ ਆਪਣਾ ਕਰੱਤਵ ਉੱਦਮ ਤੇ ਪੂਰਨ

ਸਫਲਤਾ ਨਾਲ ਨਿਭਾਉਂਦਾ ਹੈ। ਉਹ ਇਸ ਤਰਾਂ ਦੇ ਉੱਦਮ ਭਰਪੂਰ ਜੀਵਨ ਵਿਚ ਆਪਣਾ ਹਲਤ ਅਤੇ ਪਲਤ ਦੋਵੇਂ ਸੁਹੇਲੇ ਬਣਾ ਲੈਂਦਾ ਹੈ।

**ਸਤਿ ਦਾ ਸਰੂਪ:** ਉਹ ਕਿਹੜਾ ਸਤਿ ਹੈ, ਜਿਸ ਨੂੰ ਜਪਣ ਨਾਲ ਮਨੁੱਖ ਸਚਿਆਰਾ ਬਣਦਾ ਹੈ ? ਉਹ ਸੱਚ ਅੰਦਰ ਹੈ ਜਾਂ ਬਾਹਰ, ਉਹ ਇਕ ਹੈ ਜਾਂ ਅਨੇਕ, ਉਸ ਦੇ ਗੁਣਾਂ ਦਾ ਸਰੂਪ ਕੀ ਹੈ ? ਇਸ ਦਾ ਉੱਤਰ ਗੁਰਬਾਣੀ ਵਿਚੋਂ ਹੀ ਮਿਲ ਜਾਂਦਾ ਹੈ । ਇਥੇ ਅਸੀਂ ਸੰਖੇਪ ਰੂਪ ਵਿਚ ਸਤਿ (ਪਰਮਸਤ) ਦੇ ਗੁਣਾਂ ਦਾ ਨਿਰੂਪਣ ਕਰਨ ਦਾ ਯਤਨ ਕਰਾਂਗੇ।

੧) ਸਤਿ ਇਕ ਹੁੰਦਾ ਹੋਇਆ ਵੀ ਅਨੇਕ ਹੈ। ਨਿਰਗੁਣ ਰੂਪ ਵਿਚ ਇਕੋ ਇਕ ਹੈ। ਸਰਗੁਣ ਪਸਾਰਾ ਸਮਾਪਤ ਹੋਣ ਤੇ ਫਿਰ ਇਕ ਹੀ ਰਹੇਗਾ। ਸਤਿ ਦੇ ਤਿੰਨ ਰੂਪ ਮਿਲਦੇ ਹਨ।

(ੳ) ਅਪਰੰਪਰ ਇਸ ਸਰਗੁਣ ਪਸਾਰੇ ਤੋਂ ਪਹਿਲਾਂ ਵੀ ਸੀ ਅਤੇ ਇਕ ਸੀ।

(ਅ) ਸਰਗੁਣ ਪਸਾਰੇ ਵਿਚ ਵਿਆਪਕ ਹੈ। ਸਰਗੁਣ ਉਸ ਦਾ ਆਪਣਾ ਹੀ ਰੂਪ ਹੈ।

(ੲ) ਉਹ ਜੋਤ ਰੂਪ ਹੈ ਜੋ ਸਭ ਵਿਚ ਬਿਰਾਜਮਾਨ ਹੈ।

**ਸਚਾ ਸਾਹਿਬੁ ਏਕ ਤੂੰ ਜਿਨਿ ਸਚੋ ਸਚੁ ਵਰਤਾਇਆ।**

(ਪੰਨਾ - ੪੬੭)

੨) ਸਤਿ ਹਮੇਸ਼ਾ ਪੂਰਨ ਰਹਿੰਦਾ ਹੈ। ਪੂਰਨਤਾ ਉਸ ਦਾ ਗੁਣ ਹੈ, ਉਹ ਆਦਿ ਮੱਧ ਤੇ ਅੰਤ ਵਿਚ ਵੀ ਪੂਰਨ ਰਹਿੰਦਾ ਹੈ। ਉਸ ਵਿਚ ਕੋਈ ਘਾਟ ਵਾਧ ਨਹੀਂ ਹੁੰਦੀ। ਉਹ ਤਿੰਨਾਂ ਕਾਲਾਂ ਵਿਚ ਇਕ ਰਸ ਰਹਿੰਦਾ ਹੈ। ਉਹ ਤਿੰਨਾਂ ਕਾਲਾਂ ਤੋਂ ਪਰੇ ਵੀ ਸੱਚ ਹੀ ਸੀ, ਪੂਰਨ ਸੀ ਅਤੇ ਕਾਇਮ ਸੀ। ਉਹ ਸੁੰਨ ਅਵਸਥਾ ਵਿਚ ਵੀ ਪੂਰਨ ਹਸਤੀ ਸੀ। ਨੇਸਤੀ ਨਹੀਂ ਸੀ। ਉਹ ਆਪਣੇ ਨਿਰਗੁਣ ਰੂਪ ਵਿਚੋਂ ਸਰਗੁਣ ਰੂਪ ਸਾਜਣ ਦੀ ਸ਼ਕਤੀ ਰੱਖਦਾ ਹੈ। ਇਸ ਪਸਾਰੇ ਨੂੰ ਸਾਜਣ ਲਈ ਉਸ ਨੂੰ ਕਿਸੇ ਦੀ ਮੱਦਦ ਦੀ ਜਰੂਰਤ ਨਹੀਂ ਪੈਂਦੀ।

**ਕੇਤੜਿਆ ਜੁਗ ਧੁੰਧੂਕਾਰੇ ।। ਤਾੜੀ ਲਾਈ ਸਿਰਜਣ ਹਾਰੇ ।।**

**ਸਚੁ ਨਾਮੁ ਸਚੀ ਵਡਿਆਈ ਸਾਚੇ** ਤਖਤਿ ਵਡਾਈ ਹੇ ।।

(ਮਾਰੂ ਮ: ੧ ਪੰਨਾ ੧੦੨੩)

੩) ਗੁਰੂ ਜੀ ਸਮੇਂ ਸਤਿ ਹਸਤੀ ਦੇ ਸਰਗੁਣ ਰੂਪ ਵਿਚ ਕਈ ਕਿਰਤਨ ਨਾਮ ਪ੍ਰਚਲਤ ਸਨ। ਕਿਰਤਮ ਨਾਵਾਂ ਨਾਲ ਪ੍ਰਭੂ ਏਕਤਾ ਨਾ ਰਹੀ, ਹਰ ਧਰਮ ਫਿਰਕੇ ਨੇ ਆਪੋ ਆਪਣੇ ਵਿਸ਼ਵਾਸ਼ ਅਨੁਸਾਰ ਪ੍ਰਭੂ ਦੇ ਨਾਮ ਰੱਖ ਲਏ. ਗੁਰੂ ਜੀ ਨੇ ਭਾਵੇਂ ਕਿਰਤਮ ਨਾਵਾਂ ਨੂੰ ਨਿੰਦਿਆ ਨਹੀਂ ਪ੍ਰੰਤੂ ਸਰਬ ਸਾਂਝਾ ਨਾਮ- 'ਸਤਿਨਾਮ ' ਦ੍ਰਿੜ ਕਰਾਇਆ - ਇਹ ਨਾਮ ਸਭ ਫਿਰਕਿਆਂ ਤੋਂ ਉਪਰ ਸੀ।

**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ।।** (ਪੰਨਾ ੧੧੬੮)

**ਕਿਰਤਮ ਨਾਮ ਕਥੇ ਤੇਰੇ ਜਿਹਬਾ।।**

**ਸਤਿਨਾਮੁ ਤੇਰਾ ਪਰਾ ਪੂਰਬਲਾ।।** (ਪੰਨਾ-੧੦੮੩)

੪) ਗੁਰਬਾਣੀ ਵਿਚ ਪ੍ਰਤਿਪਾਦਤ ਸੱਚ ਇਕ ਸ਼ੁਧ ਸਰੂਪ ਹਸਤੀ ਹੈ। ਉਸ ਦਾ ਕਦੇ ਨਾਸ਼ ਨਹੀਂ ਹੁੰਦਾ। ਉਹ ਕਦੀ ਜਨਮ ਨਹੀਂ ਲੈਂਦਾ ਸਗੋਂ ਸਾਰਿਆਂ ਨੂੰ ਜਨਮ ਦਿੰਦਾ ਹੈ ਤੇ ਸਹਾਰਾ ਦੇਣ ਵਾਲੀ ਹਸਤੀ ਹੈ, ਸੱਚ ਸਵੈ ਪ੍ਰਕਾਸ਼ਵਾਨ ਹੈ, ਦੂਸਰਿਆਂ ਨੂੰ ਪ੍ਰਕਾਸ਼ ਦੇਣ ਵਾਲਾ ਹੈ ਅਤੇ ਉਹ ਕਿਸੇ ਦੇ ਆਸਰੇ ਨਹੀਂ, ਸਾਰਾ ਸੰਸਾਰ ਉਸ ਦੇ ਆਸਰੇ ਹੈ। ਇਹ ਸਤਿ, ਸਮਾਂ (Time) ਸਥਾਨ(Space) ਅਤੇ ਨਮਿਤ (Cause) ਕਾਰਨ ਤੋਂ ਉਪਰ ਹੈ ਭਾਵ, ਮੁਕਤ ਹੈ। ਇਹ ਸਤਿ ਤ੍ਰੈਕਾਲ ਵਿਆਪਕ ਹੁੰਦਾ ਹੋਇਆ ਵੀ ਤ੍ਰੈਕਾਲ ਅਤੀਤ ਹੈ।

**ਊਪਰ ਆਦਿ ਸਰਬ ਤਿਹੁ ਲੋਈ . . . . . ।।**

(ਮਾਰੂ ਮ. ੧, ਪੰਨਾ-੧੦੪੨)

ਤਥਾ

**ਜਿਸ ਤੇ ਉਪਜੈ ਤਿਸ ਤੇ ਬਿਨਸੈ**

**ਘਟਿ ਘਟਿ ਸਚੁ ਭਰਪੂਰ।।** (ਸ੍ਰੀ ਰਾਗ ਮ.੧, ਪੰਨਾ-੨੦)

੫) ਸਤਿ ਹਸਤੀ ਹੈ ਮਾਦਾ ਨਹੀਂ। ਸਥੂਲ ਵਸਤੂ ਬਦਲਦੀ ਰਹਿੰਦੀ ਹੈ। ਦਿਸਣ ਵਾਲੀ ਵਸਤੂ ਪਰਿਵਰਤਨ - ਸ਼ੀਲ ਹੁੰਦੀ ਹੈ। ਪਰਿਵਰਤਨਸ਼ੀਲ ਅਮਰ ਸਤਿ ਨਹੀਂ ਹੋ ਸਕਦਾ।

**ਸਤਿ ਸਤਿ ਸਤਿ ਪ੍ਰਭ ਸੋਈ।।**

**ਸਦਾ ਸਦਾ ਸਦ ਆਪੇ ਹੋਈ।।** (ਪੰਨਾ-੧੦੪)

੬) ਸਤਿ ਪ੍ਰਕਾਸ਼ ਰੂਪ ਹੈ, ਜੋਤ ਰੂਪ ਹੈ। ਪ੍ਰਕਾਸ਼ ਵੀ ਐਸਾ ਹੈ ਕਿ ਉਸ ਨੂੰ ਹੋਰ ਕਿਸੇ ਪ੍ਰਕਾਸ਼ ਦੀ ਲੋੜ ਨਹੀਂ। ਇਹ ਪ੍ਰਕਾਸ਼ ਬਾਕੀ ਸਾਰੇ ਜੀਵ ਜੰਤੂਆਂ ਨੂੰ ਪ੍ਰਕਾਸ਼ ਦੇਣ ਵਾਲੀ ਹਸਤੀ ਹੈ। ਦੂਸਰਿਆਂ ਨੂੰ ਪ੍ਰਕਾਸ਼ਵਾਨ ਕਰਨ ਨਾਲ ਇਸ ਦਾ ਆਪਣਾ ਪ੍ਰਕਾਸ਼ ਘਟਦਾ ਨਹੀ ਇਹ ਜੋਤ ਕਦੀ ਬੁੱਝਦੀ ਨਹੀਂ। ਇਹ ਜੋਤ ਨਿਰੰਤਰ ਜਗਦੀ ਰਹਿੰਦੀ ਹੈ।

**ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ।।**

੭) ਸਤਿ ਕਦੀ ਪੁਰਾਣਾ (ਬੁੱਢਾ) ਨਹੀਂ ਹੁੰਦਾ ਇਸ ਨੂੰ ਕਦੀ ਮੈਲ ਨਹੀਂ ਲਗਦੀ । ਸਤਿ ਦੂਸਰਿਆਂ ਦੀ ਮੈਲ ਉਤਾਰਨ ਦੇ ਸਮਰੱਥ ਹੈ , ਸਦਾ ਨੀਤ ਨਵਾਂ ਹੈ । ਇਕ ਰਸ ਰਹਿੰਦਾ ਹੈ । ਉਸ ਦੀ ਹਸਤੀ ਇਨ੍ਹਾ ਜਗਾ ਤੋਂ ਪਹਿਲਾਂ


www.AKJ.Org

ਵੀ ਕਾਇਮ ਸੀ । ਉਹ ਆਪਣੀ ਸੁੰਨ ਅਵਸਥਾ ਵਿਚ ਵੀ ਪੂਰਨਤਾ ਅਤੇ ਸਿਰਜਨ ਸ਼ਕਤੀ ਦਾ ਮਾਲਕ ਸੀ ।

**ਆਦਿ ਅਨੀਲ ਅਨਾਦਿ ਅਨਾਹਤਿ**
**ਜੁਗ ਜੁਗ ਏਕੋ ਵੇਸ ।। (ਜਪੁਜੀ ਸਾਹਿਬ)**
**ਆਦਿ ਪੂਰਨ ਮਧ ਪੂਰਨ ਅੰਤ ਪੂਰਨ ਪਰਮੇਸੁਰਹ ।।**

੮) ਸਤਿ ਦੀ ਹਸਤੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਸਤਿ ਹਸਤੀ ' ਦੀ ਹੋਂਦ ਦੀ ਸਦੀਵਤਾ ਅਤੇ ਅਮਰਤਾ ਬਾਰੇ ਗੁਰਬਾਣੀ ਬਰਾਬਰ ਪੁਸ਼ਟੀ ਕਰਦੀ ਹੈ। ਇਹ ਹਸਤੀ ਕਰੋੜਾਂ ਬਾਰ ਆਖਣ ਨਾਲ ਵੀ ਬਿਆਨਣ ਤੋਂ ਬਾਹਰ ਰਹਿੰਦੀ ਹੈ। ਜੇਕਰ ਕੋਈ ਇਸ ਨੂੰ ਬਿਆਨਣ ਦਾ ਦਾਹਵਾ ਕਰਦਾ ਹੈ ਤਾਂ ਬੋਲ ਬਿਗਾੜ ਵਾਲੀ ਗੱਲ ਹੈ:

**ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ।।**
**ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ।।**
(ਵਾਰ ਸੰਗ ਪੰਨਾ- ੧੨੪੧)

੯) ਸਤਿ ਦੀ ਇਕ ਹੋਰ ਵਿਲੱਖਣਤਾ ਤੇ ਮਹੱਤਤਾ ਇਹ ਹੈ ਕਿ ਉਸ ਨੂੰ ਕਥਿਤ ਜਾਣਨ ਵਾਲੇ ਵੀ ਉਸ ਦਾ ਬਿਆਨ ਨਹੀਂ ਕਰ ਸਕਦੇ। ਉਸ ਨੂੰ ਬੇਅੰਤ ਕਹਿਣਾ ਵੀ ਭੁੱਲ ਹੈ, 'ਬੋਲ ਬਿਗਾੜ' ਹੈ, ਗੁਰਬਾਣੀ ਵਿਚ ਅਕੱਥ ਸਤਿ ਨੂੰ ਕਥਣ ਵਾਲੇ ਨੂੰ ਅਨਜਾਣ ਕਿਹਾ ਹੈ।

**ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ।।**
(ਆਸਾ ਮ: ੫, ਪੰਨਾ - ੩੮੨)
**ਤੂ ਹੈ ਹੈ ਵਾਹੁ ਤੇਰੀ ਰਜਾਇ।।** (ਪ੍ਰਭਾਤੀ ਮ:੧, ਪੰਨਾ-੧੩੨੯)
**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।**
(ਜਪੁਜੀ ਸਾਹਿਬ)

੧੦) ਸਤਿ, ਕਰਤਾਰੀ ਰੁਚੀਆਂ ਦਾ ਮਾਲਕ ਹੈ। ਉਹ ਕਰਤਾ, ਭੁਗਤਾ ਤੇ ਹਰਤਾ ਹੈ। ਸੰਸਾਰ ਰਚਨਾ ਉਸ ਦੀ ਕੋਈ ਮਜਬੂਰੀ ਨਹੀਂ, ਉਸ ਦਾ ਚਾਉ ਹੈ ਆਪਣੇ ਆਪ ਨੂੰ ਦੇਖਣ ਦਾ। ਉਹ ਸੰਸਾਰ ਰਚਨਾ ਕਰਕੇ ਕਿਤੇ ਲਾਂਭੇ ਨਹੀਂ ਬੈਠਾ। ਇਸ ਸਰਗੁਣ ਰੂਪ ਵਿਚ, ਜੋਤ ਰੂਪ ਵਿਚ ਪਸਰਿਆ ਹੋਇਆ ਹੈ। ਸਰਗੁਣ ਤੋਂ ਨਿਰਗੁਣ ਰੂਪ ਫਿਰ ਇਕ ਹੀ ਰਹਿੰਦਾ ਹੈ। ਸ਼ਾਸਤ੍ਰ ਸਿਮਰਤੀਆਂ ਤੇ ਬੇਦ ਵੀ ਇਸ ਕਥਨ ਦੀ ਪੁਸ਼ਟੀ ਕਰਦੀਆਂ ਹਨ।

**ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ।।**
**ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ।।**
(ਪੰਨਾ-੨੫੪)

੧੧) ਸਤਿ ਹਸਤੀ ਦਾ ਹੁਕਮ ਸਾਰੇ ਸੰਸਾਰ ਵਿਚ ਚਲਦਾ ਹੈ। ਉਸ ਦਾ ਹੁਕਮ ਅਟੱਲ ਹੈ। ਉਹ ਹੁਕਮ ਬਾਰ ਬਾਰ ਨਹੀਂ ਕਰਦਾ। ਉਸ ਦਾ ਹੁਕਮ ਵੀ ਸਤਿ ਹਸਤੀ ਵਾਂਗ ਅਕੱਥ ਹੈ। ਹੁਕਮ ਨੂੰ ਮੰਨਣਾ ਹੀ ਉਸ ਦੀ ਪ੍ਰਾਪਤੀ ਦਾ ਸਾਧਨ ਹੈ।

**ਹੁਕਮ ਥਾਪ ਹੁਕਮੇ ਵਿਚ ਰਖੇ ਨਾਨਕ ਸਚਾ ਆਪ।।**

ਤਥਾ

**--ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ।।**
**--ਨਾਨਕ ਹੁਕਮੈ ਜੇ ਬੁਝੇ ਤ ਹਉਮੈ ਕਹੈ ਨ ਕੋਇ।।**
(ਜਪੁਜੀ ਸਾਹਿਬ)

ਉਪ੍ਰੋਕਤ ਵਰਣਿਤ ਸਤਿ ਇਕ ਸ਼ਕਤੀ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਨਾਲ ਮਨੁੱਖ ਸਚਿਆਰ ਪਦ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ। ਸਤਿ ਦੀ ਇਹ ਸ਼ਕਤੀ ਸ਼ਬਦ ਰੂਪ ਵਿਚ ਪ੍ਰਗਟ ਹੁੰਦੀ ਹੈ। ਸ਼ਬਦ (ਬਾਣੀ) ਪ੍ਰੇਰਨਾ ਸ੍ਰੋਤ ਹੈ। ਸ਼ਬਦ ਕਲਿਆਣਕਾਰੀ ਸ਼ਕਤੀ ਹੈ। ਇਹ ਸ਼ਕਤੀ ਕੇਵਲ ਸਿਧਾਂਤਕ ਨਹੀਂ, ਇਸ ਦਾ ਪ੍ਰਗਟਾਵਾ ਅਮਲੀ ਜੀਵਨ ਨਾਲ ਸਬੰਧਿਤ ਹੈ। ਇਸ ਪ੍ਰਗਟਾਵੇ ਵਿਚ ਕਰਮ ਮਾਰਗ, ਗਿਆਨ ਮਾਰਗ, ਤੇ ਭਗਤੀ ਮਾਰਗ ਦਾ ਸੁਮੇਲ ਹੈ। ਗੁਰਮਤਿ ਵਿਚ ਇਸ ਨੂੰ ਸਹਿਜ ਮਾਰਗ, ਨਾਮ ਮਾਰਗ ਅਤੇ ਗੁਰਮਤਿ ਮਾਰਗ ਦਾ ਨਾਮ ਦਿਤਾ ਗਿਆ ਹੈ:

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ।।** (ਪੰਨਾ-੬੨)

ਗੁਰਬਾਣੀ ਵਿਚ ਸਤਿ ਮੁੱਖ ਰੂਪ ਵਿਚ ਤਿੰਨ ਰੂਪ ਵਿਚ ਵਰਤਿਆ ਮਿਲਦਾ ਹੈ।

੧. ਸਤਿ. -ਪਰਮਸਤਿ ਜਾ ਅੰਤਮ ਸਚਾਈ ਹੈ। ਇਹ ਸਚਾਈ ਸਿੱਖ ਦਾ ਆਦਰਸ਼ ਹੈ। ਇਸ ਦੀ ਪ੍ਰਾਪਤੀ ਹੀ ਜੀਵਨ ਮਨੋਰਥ ਹੈ।

੨. ਸਤਿ, ਸਾਧਨ ਰੂਪ ਵਿਚ ਗੁਰੂ ਰਾਹੀਂ, ਗੁਰੂ ਦੇ ਉਪਦੇਸ਼ (ਬਾਣੀ) ਰਾਹੀਂ ਪ੍ਰਗਟ ਹੁੰਦਾ ਹੈ। ਸਤਿ ਅਕਾਲ ਪੁਰਖ ਦਾ ਆਪਣਾ ਗੁਣ ਹੈ, ਇਕ ਟਕਸਾਲ ਹੈ। ਇਸ ਤੇ ਘੜਿਆ ਸਿੱਕਾ ਹੀ ਪ੍ਰਭੂ ਦਰ ਤੇ ਪ੍ਰਵਾਨ ਹੈ।

੩. ਸਤਿ, ਸਾਧਕ ਦੇ ਕਾਰਜਾਂ ਨੂੰ ਪਰਖਣ ਦੀ ਕਸਵੱਟੀ ਵੀ ਹੈ। ਸੱਚ ਨਿਆਂਕਾਰੀ ਹੈ।

**ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੇ ਤੋਲਿ।।**
(ਪੰਨਾ - ੨੨)

ਸਚਿਆਰ ਪ੍ਰਾਪਤੀ ਲਈ ਗੁਰੂ ਨਾਨਕ ਦੇ ਸਮਕਾਲੀ ਸਾਧਨਾਂ ਦਾ ਸਰਵੇਖਣ

੧. ਸੋਚਿ- ਪਵਿਤਰਤਾ

੨. ਚੁਪ ਸਾਧਨੀ - (ਮੋਨ ਧਾਰਨਾ)

੩ ਬ੍ਰਤ ਨੇਮ ਕਰਨੇ ਅਤੇ

੪. ਸਿਆਣਪ- (ਵਿਦਵਤਾ) ਦਾ ਜ਼ਿਕਰ ਮਿਲਦਾ ਹੈ।

(੧) ਸੋਚਿ - ਕੁਝ ਵਿਦਵਾਨਾਂ ਸੋਚ ਦਾ ਅਰਥ ਸੋਚ ਵਿਚਾਰ ਕੀਤੇ ਹਨ ਪ੍ਰੰਤੂ ਸੋਚਿ (ਸਿਹਾਰੀ ਨਾਲ) ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਪਵਿੱਤਰਤਾ ਦੇ ਅਰਥਾਂ ਵਿਚ ਆਈ ਹੈ।

**ਅੰਤਰਿ ਮੈਲੁ ਤੀਰਥ ਭਰਮੀਜੈ ।।**
**ਮਨ ਨਹੀ ਸੂਚਾ, ਕਿਆ ਸੋਚ ਕਰੀਜੈ ।।** (ਪੰਨਾ–੯੦੫)

ਸੋਚਣਾ ਮਨੁੱਖ ਬੁੱਧੀ ਦਾ ਧਰਮ ਹੈ। ਪ੍ਰਭੂ ਅਸੀਮਤ ਹੈ, ਸੀਮਤ ਮਨ ਨਾਲ ਸੋਚਿਆ ਨਹੀਂ ਜਾ ਸਕਦਾ। ਇਹ ਸੋਚਣੀ ਸਾਧਕ ਨੂੰ ਅਧਵਾਟੇ ਹੀ ਰੱਖ ਲੈਂਦੀ ਹੈ।

**ਸਸਾ ਸਿਆਨਪ ਛਾਡੁ ਇਆਨਾ ।।**
**ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ।।** (ਪੰਨਾ– ੨੬੦)

ਗੁਰੂ ਜੀ ਦੇ ਸਮੇਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨਾ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਸੀ। ਇਹ ਬਾਹਰੀ ਇਸ਼ਨਾਨ ਇਕ ਕਰਮ ਕਾਂਡ ਹੈ, ਸਰੀਰ ਦੀ ਮੈਲ ਤਾਂ ਧੋ ਸਕਦਾ ਹੈ ਪ੍ਰੰਤੂ ਮਨ ਦੀ ਮੈਲ ਧੋਣ ਦੀ ਬਜਾਏ ਹੰਕਾਰ ਪੈਦਾ ਕਰਕੇ ਹੋਰ ਮੈਲ ਚਾੜ੍ਹ ਦਿੰਦਾ ਹੈ। ਅੰਦਰੋਂ ਵਿਕਾਰਾਂ ਦੀ ਮੈਲ ਸਾਫ ਕਰਨੀ ਜਰੂਰੀ ਹੈ।

**-- ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨ ।।**
(ਪੰਨਾ ੧੪੨੮)

**-- ਬਾਹਰਿ ਗਿਆਨ ਧਿਆਨ ਇਸਨਾਨ ।।**
**ਅੰਤਰਿ ਬਿਆਪੈ ਲੋਭੁ ਸੁਆਨੁ ।।**
(ਸੁਖਮਨੀ ਸਾਹਿਬ ਪੰਨਾ-੨੬੭)

ਗੁਰਮਤਿ ਨੇ ਮਨ ਦੀ ਮੈਲ ਨੂੰ ਸਾਫ ਕਰਨ ਤੇ ਬਹੁਤ ਜੋਰ ਦਿਤਾ ਹੈ। ਮਨ ਦੀ ਮੈਲ ਲਾਹੁਣੀ ਔਖੀ ਹੈ। ਮਨ ਉਤੇ ਜਨਮਾਂ ਜਨਮਾਂਤਰਾਂ ਦੇ ਪਏ ਭੈੜੇ ਸੰਸਕਾਰ ਜਲਦੀ ਨਹੀਂ ਧੋਤੇ ਜਾਂਦੇ।

**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ।**
(ਵਡਹੰਸ ਮ. ੩, ਪੰਨਾ - ੫੫੮)

**ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ।।**
**ਗਿਆਨਿ ਮਹਾਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ।।** (ਸੋਰਠਿ ਮ. ੧, ਪੰਨਾ–੬੩੭)

(੨) ਦੂਸਰਾ ਸਾਧਨ ਮੋਨ ਸਮਾਧੀ ਪ੍ਰਚਲਤ ਸੀ। ਹਉਮੈ ਯੁਕਤ ਮਨ ਨਾਲ ਲਾਈ ਸਮਾਧੀ ਸੱਚ ਦੀ ਪ੍ਰਾਪਤੀ ਦੀ ਸਹਾਈ ਨਹੀਂ ਹੋ ਸਕਦੀ । ਬਾਹਰੋਂ ਚੁੱਪ ਧਾਰਨ ਕਰਨ ਨਾਲ ਮਨ ਦੀ ਕਲਪਨਾ ਸ਼ਾਂਤ ਨਹੀਂ ਹੁੰਦੀ, ਲੋੜ ਹੈ ਮਨ ਨੂੰ ਚੁੱਪ ਸ਼ਾਂਤ ਕਰਨ ਦੀ। ਬਗਲਾ ਚੁੱਪ ਸਾਧ ਕੇ ਬੈਠਦਾ ਹੈ, ਪ੍ਰੰਤੂ ਮਨ ਮੱਛੀ ਦੀ ਤਾੜ ਵਿਚ ਹੁੰਦਾ ਹੈ। ਗੁਰਮਤਿ ਬਗਲ ਸਮਾਧੀ ਦਾ ਖੰਡਨ ਕਰਦੀ ਹੈ। ਹਉਮੈ ਅਤੇ ਕਲਪਨਾ ਰਹਿਤ ਸਮਾਧੀ ਹੀ ਜੀਵ ਨੂੰ ਆਤਮਕ ਵਿਕਾਸ ਦੇ ਪੱਥ ਤੇ ਤੋਰ ਸਕਦੀ ਹੈ।

**ਉਦਕ ਮਾਹਿ ਜੈਸੇ ਬਗੁ ਧਿਆਨ ਮਾਡੈ ।।** (ਪੰਨਾ–੪੮੫)

ਮਨ ਵਿਚ ਹਉਮੈ ਹੋਵੇ ਤਾਂ ਲਿਵ ਨਹੀਂ ਲਗਦੀ। ਦੂਜਾ ਭਾਉ ਬਣਿਆ ਰਹਿੰਦਾ ਹੈ। ਐਸਾ ਕਥਿਤ ਮੋਨ, ਜੀਵ ਲਈ ਆਵਾਗਵਣ ਦਾ ਕਾਰਨ ਬਣਿਆ ਰਹਿੰਦਾ ਹੈ। ਹਠ ਕਰਕੇ ਲਾਈ ਸਮਾਧੀ ਉਸਾਰੂ ਨਹੀਂ ਹੁੰਦੀ, ਮਾਨਸਿਕ ਸ਼ਾਂਤੀ ਤੇ ਵਿਕਾਸ ਦਾ ਕਾਰਨ ਨਹੀਂ ਬਣਦੀ।

**ਬੋਲੈ ਨਾਹੀ ਹੋਇ ਬੈਠਾ ਮੋਨੀ ।।**
**ਅੰਤਰਿ ਕਲਪ ਭਵਾਈਐ ਜੋਨੀ ।।** (ਪੰਨਾ–੧੩੪੮)

ਗੁਰਮਤਿ ਨੇ ਆਤਮਾ ਗਿਆਨ ਦਾ ਸਿਧਾਂਤ ਦ੍ਰਿੜ ਕਰਵਾਇਆ ਹੈ। ਆਤਮ ਗਿਆਨ ਤੋਂ ਬਿਨਾਂ ਮਨ ਦਸਾਂ ਦਿਸ਼ਾ ਵਲ ਦੌੜਦਾ ਰਹਿੰਦਾ ਹੈ। ਗੁਰਮਤਿ ਵਿਚ ਸਮਾਧੀ ਦਾ ਮਹੱਤਵ ਵੀ ਕੋਪ ਨਹੀਂ ਹੈ। ਇਸ ਵਿਚ ਤਾਂ ਮਨੁੱਖ ਨੂੰ ਕਿਰਿਆਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਹੈ। ਹੱਸਦਿਆਂ ਖੇਲਦਿਆਂ, ਖਾਂਦਿਆਂ ਪੀਦਿਆਂ ਕਰਮ ਕਰਦਿਆਂ ਪ੍ਰਭੂ ਨੂੰ ਯਾਦ ਕਰਨਾ ਹੈ। ਆਤਮ ਗਿਆਨ ਤੋਂ ਬਿਨਾਂ ਮਨ ਨਹੀ ਟਿਕਦਾ:

**ਮਨੂਆ ਡੋਲੈ ਦਹਦਿਸਿ ਧਾਵੈ**
**ਬਿਨੁ ਰਤ ਆਤਮ ਗਿਆਨਾ ।।** (ਮਾਰੂ ਮ ੧ ਪੰਨਾ - ੧੦੧੩)

(੩) ਤੀਸਰੀ ਵਿਧੀ ਭੁਖਿਆਂ ਰਹਿਣ ਦੀ ਸੀ ਵਰਤ ਰੱਖਣੇ ਆਦਿ ਕਰਮ ਪ੍ਰਭੂ ਪ੍ਰਾਪਤੀ ਲਈ ਸਾਧਨ ਮੰਨਣਾ ਆਮ ਪ੍ਰਚੱਲਤ ਸੀ। ਸ਼ਾਸਤ੍ਰਾਂ ਵਿਚ ਬਰਤ ਨੇਮ ਨੂੰ ਪਦਾਰਥਾਂ ਦੀ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਵਾਸਨਾ ਵਿਚ ਰਹਿ ਕੇ ਵਾਸਨਾ ਤੋਂ ਮੁਕਤ ਹੋਣਾ ਬੜਾ ਕਠਿਨ ਕੰਮ ਹੈ। ਕਰੜੀ ਘਾਲ ਕਰਨੀ ਪੈਂਦੀ ਹੈ। ਇਹ ਮਨੁੱਖੀ ਮਨ ਜਲਦੀ ਤ੍ਰਿਪਤ ਨਹੀਂ ਹੁੰਦਾ। ਭੁੱਖੇ ਰਹਿ ਕੇ ਸਰੀਰ ਨੂੰ ਕਸ਼ਟ ਦੇਣਾ ਗੁਰਮਤਿ ਦੇ ਅਨੁਕੂਲ ਨਹੀਂ। ਸਰੀਰਕ ਤੰਦਰੁਸਤੀ ਲਈ ਕਦੀ ਕਦਾਈਂ ਵਰਤ ਰੱਖਣਾ ਜਾਂ ਭੋਜਨ ਘੱਟ ਖਾਣਾ ਹੋਰ ਗੱਲ ਹੈ। ਕਿਸੀ ਆਦਰਸ਼ ਪ੍ਰਾਪਤੀ ਲਈ ਭੁੱਖੇ ਰਹਿਣਾ ਸਫਲ ਸਾਧਨ ਨਹੀਂ ਹੈ। ਹਉਮੈ ਯੁਕਤ ਮਨ ਕਦੀ ਤ੍ਰਿਪਤ ਨਹੀਂ ਹੁੰਦਾ। ਪ੍ਰਭੂ ਦੀ ਦਿਆਲਤਾ ਅਤੇ ਕਿਰਪਾਲਤਾ ਉੱਤੇ ਹੀ ਵਿਸ਼ਵਾਸ਼ ਰੱਖਣ ਨਾਲ ਭੁੱਖ ਮਿਟਦੀ ਹੈ।

**ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ।।**
**ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ।।**
**ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ।।**
**ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ।।**
(ਸਿਰੀ ਰਾਗ ਮ. ੩ ਪੰਨਾ ੨੭)

www.AKJ.Org

ਅੰਨ ਦਾ ਤਿਆਗ ਕਰਨ ਵਾਲਾ ਕਰਮ ਕਾਂਡ ਵੀ ਹਉਮੈ ਦੀ ਇਕ ਨਵੀਂ ਸ਼ਕਲ ਬਣ ਜਾਂਦੀ ਹੈ। ਅੰਨ ਛੱਡਣ ਵਾਲਾ ਮਨੁੱਖ ਆਪਣੇ ਆਪ ਨੂੰ ਸਰੇਸ਼ਟ ਗਿਣਨ ਲੱਗ ਪੈਂਦਾ ਹੈ। ਇਸ ਤਰਾਂ ਦੇ ਬਾਹਰੀ ਕਰਮਾਂ ਦਾ ਖੰਡਨ ਗੁਰੂ ਜੀ ਨੇ ਆਸਾ ਦੀ ਵਾਰ ਵਿਚ ਕੀਤਾ ਹੈ।

**ਅੰਨੁ ਨ ਖਾਇਆ ਸਾਦੁ ਗਵਾਇਆ।।**
**ਬਹੁ ਦੁਖੁ ਪਾਇਆ ਦੂਜਾ ਭਾਇਆ।।**

(ਆਸਾ ਮ. ੧, ਪੰਨਾ - ੪੬੭)

ਇਸ ਤਰਾਂ ਗੁਰੂ ਨਾਨਕ ਦੇਵ ਜੀ ਹੋਰ ਥਾਂ ਵਰਨਣ ਕਰਦੇ ਹਨ। ਗੁਰੂ ਦੇ ਗਿਆਨ ਤੋਂ ਬਿਨਾਂ ਸਬਰ, ਸੰਤੋਖ ਤੇ ਸੰਜਮ ਵਰਗੇ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ । ਗੁਰੂ ਦੇ ਗਿਆਨ ਤੋਂ ਬਿਨਾਂ ਇਨ੍ਹਾਂ ਕਰਮਾਂ ਦੀ ਸਹੀ ਸੋਝੀ ਨਹੀਂ ਮਿਲਦੀ।

**ਅੰਨ ਨ ਖਾਹਿ ਦੇਹੀ ਦੁਖੁ ਦੀਜੈ।।**
**ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ।।**

(ਰਾਮਕਲੀ ਮ. ੧ ਪੰਨਾ ੯੦੫)

ਮਨ ਦੀ ਤ੍ਰਿਪਤੀ ਉਸ ਵਕਤ ਹੀ ਹੁੰਦੀ ਹੈ ਜਦੋਂ ਮਨੁੱਖ ਪ੍ਰਭੂ ਦੇ ਗੁਣਾਂ ਨੂੰ ਅੰਤਰ ਆਤਮੇ ਧਾਰਨ ਕਰ ਲੈਂਦਾ ਹੈ। ਮਨ ਵਿਚ ਸੰਤੋਖ ਆਉਂਦਾ ਹੈ ਤੇ ਭੁੱਖ ਉਤਰਦੀ ਹੈ। ਗੁਰੂ ਜੀ ਨੇ ਜਿਥੇ ਇਨ੍ਹਾਂ ਬਾਹਰੀ ਕਰਮਾਂ ਨੂੰ ਫਜ਼ੂਲ ਦੱਸ ਕੇ ਖੰਡਨ ਕੀਤਾ ਹੈ, ਉਥੇ ਨਾਲ ਹੀ ਇਨ੍ਹਾਂ ਦਾ ਸਮਾਧਾਨ ਕਰਨ - ਲਈ ਆਤਮੀਕਰਨ ਦਾ ਢੰਗ ਅਪਨਾਇਆ ਹੈ।

**ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ।।**

(ਪੰਨਾ-੧੪੭)

**ਸਾਚੇ ਨਾਮ ਕੀ ਲਾਗੈ ਭੂਖ ।। (ਆਸਾ ਮ: ੧, ਪੰਨਾ–੯)**

(੪) ਚੌਥਾ ਸਾਧਨ ਜੋ ਆਦਰਸ਼ ਪ੍ਰਾਪਤੀ ਲਈ ਪ੍ਰਚਲਤ ਸੀ, ਉਹ 'ਸਿਆਣਪ' ਮੰਨਿਆ ਜਾਂਦਾ ਸੀ। ਵਿਦਵਤਾ, ਬੁੱਧੀ ਤੇ ਚਤੁਰਪੁਣੇ ਦਾ ਅਧਾਰ ਤੇ ਆਪਣੇ ਆਪ ਨੂੰ ਸਿਆਣਾ ਗਿਣਨਾ ਕਥਿਤ ਵਿਦਵਾਨਾਂ ਵਿਚ ਆਮ ਰਿਵਾਜ ਰਿਹਾ ਹੈ। ਗੁਰਬਾਣੀ ਵਿਚ ਇਸ ਤਰਾਂ ਦੇ ਸਿਧਾਂਤ ਦਾ ਖੰਡਨ ਬਰਾਬਰ ਮਿਲਦਾ ਹੈ। ਗੁਰੂ ਜੀ ਕਿਤੇ ਤਾਂ ਆਪਣੇ ਮਨ ਨੂੰ ਸੰਬੋਧਨ ਕਰਕੇ ਲੋਕਾਂ ਨੂੰ ਉਪਦੇਸ਼ ਦੇ ਰਹੇ ਹਨ ਕਿ ਸਿਆਣਪ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਬਹੁਤੁ ਸਿਆਣਪ ਭਰਮੁ ਨ ਜਾਏ।।**

(ਮਾਰੂ ਮ: ੧, ਪੰਨਾ-੧੦੨੫)

ਚਤਰ ਬਣਨ ਨਾਲ ਪ੍ਰਭੂ ਚੀਨਿਆ ਨਹੀਂ ਜਾਂਦਾ।

**-- ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।।**

(ਰਾਮਕਲੀ ਮ: ੩, ਅਨੰਦ ਪੰਨਾ - ੯੧੮)

**-- ਚਤੁਰਾਈ ਨਹ ਚੀਨਿਆ ਜਾਇ।।**

(ਗਉੜੀ ਮ: ੧ ਪੰਨਾ ੨੨੧)

ਇਸ ਤਰਾਂ ਬੁੱਧੀ ਦੇ ਚਮਤਕਾਰ ਮਨੁੱਖ ਦੇ ਨਾਲ ਨਹੀਂ ਜਾਂਦੇ ਨਾ ਹੀ ਉਸ ਦੇ ਆਤਮਕ ਵਿਕਾਸ ਵਿਚ ਸਹਾਈ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬ ਜਿੰਦ ਨੂੰ ਸਮਝਾਂਦੇ ਹੋਏ ਉਪਦੇਸ਼ ਕਰਦੇ ਹਨ।

**-- "ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ।।**

(ਬਿਹਾਗੜਾ ਮ ੫ ਪੰਨਾ ੫੪੧)

**--" ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ।।** (ਸੋਰਠਿ ਮ. ੫ – ੬੪੧)

**ਸਹਸ ਸਿਆਣਪ ਲਖ ਹੋਹਿ ਤ ਇਕ ਨ ਚਲਹਿ ਨਾਲਿ।।**

(ਜਪੁਜੀ ਸਾਹਿਬ)

**ਬਹੁਤੁ ਸਿਆਣਪ ਜਮ ਕਾ ਭਉ ਬਿਆਪੈ।।**

(ਸੁਖਮਨੀ ਸਾਹਿਬ)

ਚਤੁਰਾਈ ਨਾਲ ਅਸੀਂ ਖੋਜ ਵਿਚ ਸਫਲ ਨਹੀਂ ਹੋ ਸਕਦੇ। ਚਤੁਰਾਈ ਪ੍ਰਭੂ ਦਰ ਤੇ ਨਹੀਂ ਚਲਦੀ। ਇਹ ਬੁੱਧੀ ਦਾ ਚਮਤਕਾਰ ਹੈ, ਇਹ ਜੀਵ ਦਾ ਕੁਝ ਸੰਵਾਰ ਨਹੀਂ ਸਕਦਾ।

**ਸਹਸ ਸਿਆਣਪ ਪਵੈ ਨ ਤਾਉ।।**

(ਗਉੜੀ ਗੁਆਰੇਰੀ ਮ: ੧ ਪੰਨਾ ੧੫੧)

ਚਤੁਰ ਮਨੁੱਖ ਭਟਕਦਾ ਰਹਿੰਦਾ ਹੈ। ਕਿਉਂਕਿ ਇਹ ਸਭ ਝੂਠੀਆਂ ਆਸਾਂ ਨੂੰ ਚੰਬੜਿਆ ਰਹਿੰਦਾ ਹੈ।

**ਝੂਠੀ ਦੁਰਮਤਿ ਕੀ ਚਤੁਰਾਈ।।**

(ਪ੍ਰਭਾਤੀ ਮ. ੧ ਪੰਨਾ ੧੩੪੫)

---

**ਪੰਨਾ ੨੩ ਦਾ ਬਾਕੀ**

**੧) ਗੁਰਮੁਖਿ ਮੁਕਤੋ ਬੰਧੁ ਨ ਪਾਇ ।। (ਪੰਨਾ–੧੫੨)**
**੨) ਸਤਿਗੁਰਿ ਰਾਖੇ ਬੰਧੁ ਨਾ ਪਾਈ ।। (ਪੰਨਾ–੪੧੬)**

ਇਹਨਾਂ ਤੁਕਾਂ ਵਿੱਚ ਬੰਧੁ ਦੇ ਅੰਤਲੇ ਅੱਖਰ 'ਧੁ' ਨਾਲ ਔਂਕੜ ਲਗਿਆ ਹੋਇਆ ਹੈ । ਉਸ ਤੋਂ ਅਗੇ 'ਨ' ਮੁਕਤਾ ਹੈ, ਜੋ ਨਾਲ ਨਹੀਂ ਮਿਲ ਸਕਦਾ । ਉਚਾਰਨ ਹੈ ਬੰਧੁ ਨ ।। ਉਸਦਾ ਬੰਧੁਨ ਪੜ੍ਹਿਆ ਜਾਣਾ ਅਸ਼ੁੱਧ ਹੈ ।

(ਗੁਰਬਾਣੀ ਦਾ ਸੁੱਧ ਉਚਾਰਨ, ਪੁਸਤਕ ਪੰਨਾ-੪੯੮)

ਉਪਰੋਕਤ ਸਾਰੀਆਂ ਵਿਚਾਰ ਧਾਰਾਵਾਂ ਦਾ ਸਾਰ ਸਿੱਟਾ ਇਹ ਹੀ ਨਿਕਲਦਾ ਹੈ ਕਿ "ਲਾਖ ਕਰੋਰੀ ਬੰਧੁ ਨ ਪਰੈ" ਵਿੱਚ ਬੰਧੁ ਅਤੇ ਨ (ਨੰਨਾ) ਨਿਖੇੜਵਾਂ ਪਾਠ ਹੀ ਉਚਾਰਨ ਕਰਨਾ ਸਹੀ ਹੈ।

www.AKJ.org


www.AKJ.Org

# ਖਾਲਸੇ ਦੀ ਵਿੱਲਖਣਤਾ

ਪ੍ਰੋ: ਪਿਆਰਾ ਸਿੰਘ 'ਪਦਮ'

## ਸਿੱਖ ਤੇ ਬਿਪ੍ਰਵਾਦ–

ਵਰਤਮਾਨ ਭਾਰਤ ਦੇ ਧਰਮ ਤੇ ਰਾਜਨੀਤੀ ਉਤੇ ਬਿਪ੍ਰਵਾਦ (ਬ੍ਰਾਹਮਣਵਾਦ) ਦਾ ਪੂਰਾ ਕਬਜ਼ਾ ਹੈ, ਉਹ ਕਿਸੇ ਦੀ ਰਾਜਸੀ ਜਾਂ ਧਾਰਮਿਕ ਸੁਤੰਤਰਤਾ ਨੂੰ ਕਾਇਮ ਨਹੀਂ ਰਹਿਣ ਦੇਣਾ ਚਾਹੁੰਦਾ। ਜਮਹੂਰੀਅਤ ਦੇ ਨਾਂ ਤੇ ਬਹੁ ਸੰਮਤੀ ਨੂੰ ਹੱਕ ਹਾਸਲ ਹੈ ਕਿ ਜੋ ਮਰਜ਼ੀ ਹੈ ਕਰੇ। ਇਹ ਹਰ ਸਨਾਤਨ ਗੱਲ ਨੂੰ ਰਾਜ ਪ੍ਰਬੰਧ ਵਿੱਚ ਘੁਸੇੜ ਕੇ ਮਾਨਸਿਕ ਤਸੱਲੀ ਲੱਭਦਾ ਹੈ, ਭਾਵੇਂ ਦੇਸ ਦੀ ਜਨਤਾ ਦਾ ਕਿਤਨਾ ਨੁਕਸਾਨ ਹੋਵੇ। ਅਕਾਸ਼-ਵਾਣੀ ਸਵੇਰ ਸਾਰ ਸੰਸਕ੍ਰਿਤ ਵਿਚ ਸਮਾਚਾਰ ਇਸ ਲਈ ਪ੍ਰਸਾਰਿਤ ਕਰਦੀ ਹੈ ਕਿ ਇਹ ਬਿਪ੍ਰਵਾਦ ਦੀ ਮੂਲਭਾਸ਼ਾ ਹੈ, ਵਰਨਾ ਇਸ ਰਾਹੀਂ ਖਬਰਾਂ ਸੁਣਾ ਕੇ ੭੦ ਕ੍ਰੋੜ ਦੇ ਮੁਲਕ ਵਿਚੋਂ ਕਿੰਨਿਆਂ ਕੁ ਨੂੰ ਜਾਣੂੰ ਕਰਾਇਆ ਜਾ ਸਕਦਾ ਹੈ। ਹਰ ਕੰਮ ਯੱਗਹੋਮ ਨਾਲ ਕੀਤਾ ਜਾਂਦਾ ਹੈ, ਜਦੋਂ ਕਿ ਘਿਉ ਬਹੁਤੇ ਲੋਕਾਂ ਨੂੰ ਰੋਟੀ ਚੋਪੜਨ ਲਈ ਵੀ ਨਸੀਬ ਨਹੀਂ। ਏਸ਼ਿਆਈ ਖੇਡਾਂ ਸਮੇਂ ਇਕ ਹਾਥੀ (ਅੱਪੂ) ਉਤੇ ਲੱਖਾਂ ਰੁਪਏ ਖਰਚ ਕੀਤੇ ਗਏ, ਕਿਉਂਕਿ ਬ੍ਰਾਹਮਣ ਹਰ ਕੰਮ ਗਣੇਸ਼ ਨਾਲ ਸ਼ੁਰੂ ਕਰਦਾ ਹੈ ਤੇ ਉਸ ਦਾ ਸਿਰ ਹਾਥੀ ਵਾਲਾ ਹੈ। ਅਸੀਂ ਇਨ੍ਹਾਂ ਨਿੱਕੀਆਂ- ਨਿੱਕੀਆਂ ਗੱਲਾਂ ਵਿੱਚ ਪੈ ਕੇ ਰਾਜ਼ੀ ਨਹੀਂ। ਜੇ ਕੋਈ ਹੋਰ ਆਪਣੇ ਧਰਮ ਦੀ ਗੱਲ ਕਰਦਾ ਹੈ ਤਾਂ ਇਹ ਉਸ ਨੂੰ 'ਫਿਰਕੂ' ਕਹਿ ਕੇ ਭੰਡਦੇ ਹਨ ਤੇ ਆਪ 'ਸੈਕੂਲਰ' ਬਣ ਕੇ ਵਿਸ਼ਾਲ - ਚਿੱਤ ਬਣਦੇ ਹਨ।

ਸ਼ਕਤੀ ਦਾ ਕੇਂਦਰੀਕਰਨ ਰਾਜਾਂ ਨੂੰ ਨਿਹੱਥੇ ਕਰਦਾ ਤੇ ਬਿਪ੍ਰਵਾਦ ਦੇ ਹੱਥ ਮਜ਼ਬੂਤ ਕਰਦਾ ਹੈ, ਤਾਂ ਜੁ ਇਹ ਮਗਰਮੱਛ ਸਾਰਿਆਂ ਨੂੰ ਹਜ਼ਮ ਕਰ ਸਕੇ। ਹੋਰ ਸਾਰੇ ਹਿੰਦੂ ਸੂਬੇ ਹਨ, ਉਨ੍ਹਾਂ ਨੂੰ ਇਹ ਗੱਲ ਚੁਭਦੀ ਵੀ ਨਹੀਂ ਪਰ ਪੰਜਾਬ ਦੀ ਪੁਜੀਸ਼ਨ ਵਿੱਲਖਣ ਹੈ, ਜੋ ਇਸ ਖਾਰੇ ਸਾਗਰ ਵਿਚ ਗਰਕ ਹੋਣ ਤੋਂ ਬਚਣ ਲਈ ਤਰ੍ਹਾਂ ਤਰ੍ਹਾਂ ਹੱਥ ਪੈਰ ਮਾਰ ਰਿਹਾ ਹੈ। ਕਦੀ ਜ਼ਬਾਨ ਦੀ ਲੜਾਈ ਲੜਦਾ ਹੈ, ਕਦੀ ਕਲਚਰ ਦੀ।

ਸ਼ਕਤੀਮਾਨ ਬਿਪ੍ਰਵਾਦ ਸਾਡਾ ਪੁਰਾਣਾ ਨਾਂ 'ਸਿੱਖ ਕੌਮ' ਵੀ ਸੁਣਨ ਲਈ ਤਿਆਰ ਨਹੀਂ। ਉਹ ਕਹਿੰਦਾ ਹੈ - ਸਿੱਖ, ਕੌਮ ਹੀ ਨਹੀਂ ਜੇ ਇਨ੍ਹਾਂ ਨੂੰ ਕੌਮ ਮੰਨੀਏ ਤਾਂ ਇਸ ਨੂੰ ਰਾਜਨੀਤਿਕ ਅਧਿਕਾਰ ਦੇਣੇ ਪੈਣਗੇ, ਹਾਲਾਂ ਕਿ ਸਿੱਖਾਂ ਨੇ ਕਦੀ ਵੱਖਰੇ ਰਾਜ ਦੀ ਮੰਗ ਨਹੀਂ ਕੀਤੀ, ਕੇਵਲ ਉਚਿਤ ਮੰਗਾਂ ਨੂੰ ਹੀ ਸੰਵਿਧਾਨਕ ਤਰੀਕਿਆਂ ਦੁਆਰਾ ਬਾਰ - ਬਾਰ ਦੁਹਰਾਇਆ ਹੈ। ਪਰ ਜਿਨ੍ਹਾਂ ਸਹੀ ਮੰਗਾ ਨੂੰ ਵੀ ਧਿਆਨ - ਗੋਚਰੇ ਨਹੀਂ ਕਰਨਾ, ਉਹ ਸਾਡੇ ਲਈ ਨਵੀਆਂ - ਨਵੀਆਂ ਤੁਹਮਤਾਂ ਘੜ ਕੇ ਸਾਨੂੰ ਬਦਨਾਮ ਕਰਦੇ ਹਨ। ਕਦੀ ਕਹਿੰਦੇ ਹਨ ਇਹ ਵੱਖਵਾਦੀ ਹਨ, ਇਹ ਅਤਿਵਾਦੀ ਹਨ, ਇਹ ਦੇਸ਼ - ਧ੍ਰੋਹੀ ਹਨ, ਵਗੈਰਾ।

ਵੱਖਵਾਦੀ ਤਾਂ ਅਸੀਂ ਇਸ ਗੱਲੋਂ ਹਾਂ ਕਿ ਅਸਾਡੀ ਰਹਿਣੀ - ਬਹਿਣੀ ਦੂਜਿਆਂ ਨਾਲੋਂ ਵਿੱਲਖਣ ਹੈ ਪਰ ਅਸੀ ਕਦੇ ਵੱਖਰੇ ਰਾਜ ਦੀ ਮੰਗ ਨਹੀਂ ਕੀਤੀ। ਜਿਥੋਂ ਤੱਕ ਅਤਿਵਾਦੀ ਵਿਸ਼ੇਸ਼ਣ ਦਾ ਸਬੰਧ ਹੈ, ਇਹ 'ਗਾਲ' ਹਰ ਸਥਾਪਤ ਸਰਕਾਰ ਆਪਣੇ ਵਿਰੋਧੀ ਨੂੰ ਕੱਢ ਕੇ ਆਪਣੀ ਛਾਤੀ ਠੰਢੀ ਕਰਦੀ ਹੈ। ਪੁਰਾਣੇ ਮੁਕੱਦਮਿਆਂ ਦੀਆਂ ਫਾਈਲਾਂ ਪੜ੍ਹੋ - ਸ ਕਰਤਾਰ ਸਿੰਘ ਸਰਾਭਾ, ਸ ਭਗਤ ਸਿੰਘ ਤੇ ਸ ਊਧਮ ਸਿੰਘ ਵਰਗੇ ਇਨਕਲਾਬੀ ਦੇਸ਼ - ਭਗਤਾਂ ਲਈ ਬਰਤਾਨਵੀ ਸਮਾਰਾਜ ਨੇ ਕਿਵੇਂ ਬਾਰ - ਬਾਰ ਅਤਿਵਾਦੀ, ਆਤੰਕਵਾਦੀ, ਉਗਰਵਾਦੀ, ਦੇਸ਼ - ਧਰੋਹੀ (Extremist, Terrorist, Traitor) ਆਦਿ ਸੰਕੇਤਾਂ ਦੀ ਵਰਤੋਂ ਕੀਤੀ ਹੈ। ਪਰ ਉਹ ਲੋਕ ਇਹ ਕੁਝ ਨਹੀਂ ਸਨ, ਉਹ ਤਾਂ ਕੇਵਲ ਆਪਣੇ ਦੇਸ਼ ਤੇ ਆਪਣੇ ਸਭਿਆਚਾਰ ਲਈ ਜੂਝਣ ਵਾਲੇ ਸੂਰਮੇ ਸਨ।

ਕੁਝ ਲੋਕ ਇਹ ਵੀ ਇਤਰਾਜ਼ ਕਰਦੇ ਹਨ ਕਿ ਇਹ 'ਰਾਜ ਕਰੇਗਾ ਖਾਲਸਾ' ਕਿਉਂ ਪੜ੍ਹਦੇ ਹਨ! ਇਹ ਧਰਮ ਤੇ ਰਾਜਨੀਤੀ ਦੋਹਾਂ ਖੇਤਰਾਂ ਵਿੱਚ ਹੀ ਬਿਪ੍ਰਵਾਦ ਨੂੰ ਕਿਉ ਪ੍ਰਵਾਨ ਨਹੀਂ ਕਰਦੇ! ਦੂਜੇ ਪਾਸੇ ਸਿੱਖ ਆਪਣੇ ਗੁਰੂ ਦਾ ਸੰਦੇਸ਼ਾ ਦੁਹਰਾਉਦੇ ਹਨ:

**ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਯੋ ਮੈਂ ਸਾਰਾ ।।**
**ਜਬ ਇਹ ਗਹੈ ਬਿਪ੍ਰਨ ਕੀ ਰੀਤਿ, ਮੈ ਨ ਕਰੋਂ ਇਨ ਕੀ ਪ੍ਰਤੀਤ ।।**

ਦਰ - ਅਸਲ ਵਰਤਮਾਨ ਬਿਪ੍ਰਵਾਦ ਮੀਰੀ ਤੇ ਪੀਰੀ ਦੋਹਾਂ ਨੂੰ ਹਥਿਆਉਣ ਤੇ ਤੁਲਿਆ ਹੋਇਆ ਹੈ। ਸਤਿਗੁਰੂ ਜੀ ਨੇ ਖਾਲਸਾ - ਪੰਥ ਨੂੰ ਸਰਬ - ਕਲਾ ਸਮਰਥ ਬਣਾਇਆ। ਏਸ ਸਮਰੱਥਾ ਨੂੰ ਬਰਕਰਾਰ ਰੱਖਣਾ ਸਾਡਾ ਪਰਮ - ਧਰਮ ਹੈ। ਤੇ ਇਸੇ ਲਈ ਜੂਝਣਾ ਹੀ ਸਾਡਾ ਧਰਮ - ਯੁੱਧ ਹੈ। ਅਸੀ ਪੂਰੇ ਦੇਸ਼ - ਭਗਤ ਹਾਂ। ਸਾਨੂੰ ਦੇਸ਼ - ਧਰੋਹੀ ਆਖਣਾ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੈ।

## ਸਿੱਖ ਤੇ ਦੇਸ਼ – ਭਗਤੀ –

ਸਿੱਖ ਨੇ ਦੇਸ-ਭਗਤੀ ਦੇ ਖੇਤਰ ਵਿੱਚ ਜੋ ਕਾਰਨਾਮੇ ਕੀਤੇ, ਉਹ ਭੁਲਾਏ ਜਾਣ ਵਾਲੇ ਨਹੀਂ। ਜਦੋਂ ੧੮ਵੀਂ ਸਦੀ ਵਿਚ ਪਠਾਣ ਹਮਲਾਵਰ, ਪੰਜਾਬ ਨੂੰ ਲੁੱਟ- ਲੁੱਟ ਕੇ ਤਬਾਹ ਕਰ ਰਹੇ ਸਨ ਤਾਂ ਕੇਵਲ ਸਿੰਘ ਸੂਰਮੇ ਹੀ ਸਨ, ਜਿਨ੍ਹਾਂ ਨੇਉਹਨਾਂ ਦਾ ਮੁਕਾਬਲਾ ਕੀਤਾ ਤੇ ਅੰਤ ਪੰਜਾਬ ਨੂੰ ਦਿੱਲੀ ਤੇ ਕਾਬਲ ਦੀਆਂ ਮਾਰਾਂ ਤੋਂ ਸੁਤੰਤਰ ਕਰਵਾਇਆ। ਇਸੇ ਕਰਕੇ ਡਾ. ਹਰੀ ਰਾਮ ਗੁਪਤਾ ਆਖਦਾ ਹੈ ਕਿ **'ਪੰਜਾਬ ਸਿੱਖਾਂ ਵਲੋਂ ਦਿੱਤਾ ਹਿੰਦੁਸਤਾਨ ਨੂੰ ਤੋਹਫਾ ਹੈ। ਜੇ ਸਿੱਖ ਜਾਨਾਂ ਹੂਲ ਕੇ ਸੌ ਸਾਲ ਇਸ ਲਈ ਸੰਗਰਾਮ ਨ ਰਚਦੇ ਤਾਂ ਅੱਜ ਇਹ ਪੰਜਾਬ ਅਫਗਾਨਿਸਤਾਨ ਦਾ ਹਿੱਸਾ ਹੁੰਦਾ ਤੇ ਭਾਰਤ ਦੀ ਹੱਦ ਜਮਨਾ ਹੁੰਦੀ।**

ਇਸ ਤੋਂ ਬਾਅਦ ਜਦੋਂ ਭਾਰਤੀ ਲੋਕਾਂ ਨੂੰ ਫਿਰੰਗੀ ਸਾਮਰਾਜ ਨਾਲ ਜੂਝਣਾ ਪਿਆ ਤਾਂ ਸਿੱਖ ਸਭ ਤੋਂ ਮੂਹਰਲੀ ਕਤਾਰ ਵਿੱਚ ਖੜੋਤੇ ਸਨ। ੧੮੫੭ ਦੇ ਗਦਰ ਦੇ ਭੰਨੇ ਲੋਕ ਉੱਠਣ ਜੋਗੇ ਨਹੀਂ ਸਨ, ਲੇਕਿਨ ਬਾਬਾ ਰਾਮ ਸਿੰਘ ਨੇ ਐਸੀ ਆਜ਼ਾਦੀ ਦੀ ਸ਼ਹਿਨਾਈ ਵਜਾਈ ਕਿ ਸਿੱਖ ਸੂਰਮੇ ਅਗੇ ਨਿੱਤਰੇ ਤੇ ੧੮੭੨ ਵਿੱਚ ਮਲੇਰ - ਕੋਟਲੇ ਲਾਗੇ ਜਮਾਲਪੁਰ ਦੀ ਰੱਖ ਵਿੱਚ ੬੬ ਸਿੰਘਾਂ ਨੇ ਤੋਪਾਂ ਮੂਹਰੇ ਛਾਤੀਆਂ ਡਾਹ ਕੇ ਸ਼ਹੀਦੀਆਂ ਪਾਈਆ। ਇਹ ਸਵਰਾਜ ਲਹਿਰ ਦੇ ਮੋਢੀ ਸ਼ਹੀਦ ਸਨ। ਬਜਬਜ-ਘਾਟ ਦਾ ਵਾਕਿਆ ਹੋਇਆ, ਜਲਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਵਾਪਰਿਆ ਤੇ ਨਨਕਾਣਾ ਸਾਹਿਬ ਦਾ ਸਾਕਾ ਹੋਇਆ-ਇਨ੍ਹਾਂ ਵਿੱਚ ੮੦ ਫੀਸਦੀ ਸਿੱਖ ਹੀ ਸ਼ਹੀਦੀਆਂ


www.AKJ.Org

ਪਾਉਣ ਵਾਲੇ ਸਨ। ਸਿੱਖ ਨੌਜੁਆਨਾਂ ਨੇ ਫਾਂਸੀ ਦੇ ਰੱਸੇ ਚੁੰਮ ਕੇ ਦੇਸ਼ ਨੂੰ ਆਜ਼ਾਦੀ ਦੀ ਆਖਰੀ ਲੜਾਈ ਲੜਨ ਲਈ ਤਿਆਰ-ਬਰ-ਤਿਆਰ ਕੀਤਾ। ਅਜ਼ਾਦ ਹਿੰਦ ਫੌਜ ਦਾ ਬਹੁਤਾ ਹਿੱਸਾ ਸਿੱਖ ਯੋਧੇ ਹੀ ਸਨ। ਇਨ੍ਹਾਂ ਨੇ ਬੰਦੂਕਾਂ ਫੜ ਕੇ ਐਸਾ ਤੂਫਾਨ ਖੜਾ ਕੀਤਾ ਕਿ ਅੰਗਰੇਜ਼ ਨੂੰ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ। ਦੇਸ਼ ਵੰਡ ਤੋਂ ਬਾਅਦ ਸਿੱਖਾਂ ਨੂੰ ਆਪਣੇ ਹੱਕਾਂ ਤੇ ਸਵੈਮਾਣ ਦੀ ਰੱਖਿਆ ਲਈ ਸਰਕਾਰ ਨਾਲ ਕਈ ਕਿਸਮ ਦੀਆਂ ਲੜਾਈਆਂ ਲੜਨੀਆਂ ਪਈਆਂ-ਸਤਿਆਗ੍ਰਹਿ ਕੀਤੇ, ਜੇਲ੍ਹੀਂ ਗਏ ਤੇ ਸ਼ਾਂਤਮਈ ਅੰਦੋਲਨ ਦਾ ਹਰ ਤਰੀਕਾ ਅਪਣਾਇਆ। ਪਰ ਕਦੀ ਕਿਸੇ ਸਿੱਖ ਨੇ ਦੇਸ਼ ਦੀ ਜਾਇਦਾਦ, ਸੰਪਤੀ ਜਾਂ ਕਿਸੇ ਚੀਜ਼ ਨੂੰ ਤਬਾਹ ਕਰਨ ਦੀ ਵਿਉਂਤ ਨਹੀਂ ਕੀਤੀ। ਤੇ ਨਾ ਹੀ ਹਿੰਸਾ ਦਾ ਰਾਹ ਅਪਣਾਇਆ। ਇਹ ਇਨ੍ਹਾਂ ਦੇ ਸ਼ਾਂਤਮਈ ਆਚਰਣ ਤੇ ਦੇਸ਼-ਭਗਤੀ ਦੀ ਪੱਕੀ ਗਵਾਹੀ ਹੈ, ਜਦੋਂ ਕਿ ਹੋਰ ਸੂਬਿਆ ਦੇ ਅੰਦੋਲਨ-ਕਾਰੀਆਂ ਨੇ ਹਮੇਸ਼ਾ ਭੰਨ-ਤੋੜ ਤੇ ਸਾੜ-ਫੂਕ ਦਾ ਰਸਤਾ ਅਪਣਾ ਕੇ ਸਦਾ ਬੇਲੋੜੀ ਤਬਾਹੀ ਮਚਾਈ ਹੈ ਤੇ ਮੁਲਕ ਦਾ ਭਾਰੀ ਨੁਕਸਾਨ ਕੀਤਾ ਹੈ।

**ਸਿੱਖ ਮੱਤ ਤੇ ਸਨਾਤਨ ਮੱਤ–**

੧. ਖਾਲਸਾ ਇਕ ਅਕਾਲ ਪੁਜਾਰੀ ਹੈ, ਦੇਵੀ, ਦੇਵਤਿਆਂ, ਅਵਤਾਰਾਂ ਤੇ ਮੂਰਤੀ - ਪੂਜਾ ਦਾ ਹਾਮੀ ਨਹੀਂ।

੨. ਖਾਲਸਾ 'ਮਾਨਸ ਕੀ ਏਕ ਜਾਤ' ਮੰਨਦਾ ਹੈ, ਵਰਣ - ਆਸ਼ਰਮ ਤੇ ਜਾਤ ਪਾਤ ਨੂੰ ਪਰਵਾਨ ਨਹੀਂ ਕਰਦਾ।

੩. ਖਾਲਸਾ ਸ਼ਬਦ - ਗੁਰੂ ਨੂੰ ਮੰਨਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਉਂਦਾ ਹੈ ਅਤੇ ਉਹ ਵੇਦ ਨੂੰ ਈਸ਼ਵਰ ਦੀ ਬਾਣੀ ਮੰਨ ਕੇ ਨਹੀਂ ਪੂਜ ਸਕਦਾ।

੪. ਖਾਲਸਾ ਏਕੁ ਪਿਤਾ ਏਕਸ ਕੇ ਹਮ ਬਾਰਿਕ ਮੰਨਦਾ ਹੈ, ਇਸ ਕਰਕੇ ਉਹ ਬ੍ਰਾਹਮਣ ਨੂੰ ਸਰਵ - ਉੱਚਤਾ ਦੇਣ ਲਈ ਤਿਆਰ ਨਹੀਂ, ਤੇ ਨਾ ਹੀ ਉਸ ਨੂੰ ਦਾਨ ਦੇਣਾ ਕੋਈ ਧਰਮ - ਕਰਮ ਸਮਝਦਾ ਹੈ।

੫. ਖਾਲਸਾ ਮੋਏ ਪ੍ਰਾਣੀ ਨਮਿਤ ਸਰਾਧ ਜਾਂ ਪਿੰਡ ਭਰਨ ਆਦਿ ਦੀ ਕਿਰਿਆ ਕਰਨ ਲਈ ਰਾਜੀ ਨਹੀਂ।

੬. ਖਾਲਸਾ ਸੂਤਕ - ਪਾਤਕ ਦੀ ਰੀਤਿ ਨੂੰ ਪਰਵਾਨ ਨਹੀਂ ਕਰਦਾ।

੭. ਖਾਲਸਾ ਮੰਤ੍ਰ - ਜੰਤ੍ਰ ਜਾਂ ਤੰਤਰਾਂ ਵਿੱਚ ਯਕੀਨ ਨਹੀਂ ਰੱਖਦਾ।

੮. ਖਾਲਸਾ ਮੜ੍ਹੀ - ਮਸਾਣੀ ਜਾਂ ਗੋਰ - ਮੱਠਾਂ ਨੂੰ ਨਹੀਂ ਮੰਨਦਾ।

੯. ਖਾਲਸਾ ਸ਼ਗਨ, ਅਪਸਗਨ ਨੂੰ ਨਹੀਂ ਮੰਨਦਾ।

੧੦. ਖਾਲਸਾ ਖਾਸ, ਖਾਸ ਮੌਕਿਆਂ ਉਤੇ ਵਰਤ ਰੱਖਣ ਵਿੱਚ ਯਕੀਨ ਨਹੀਂ ਰੱਖਦਾ, ਵੈਸੇ ਹੀ ਅੰਨੁ ਪਾਣੀ ਥੋੜਾ ਖਾਇਆ ਦਾ ਧਾਰਨੀ ਹੈ।

੧੧. ਖਾਲਸਾ ਕਿਸੇ ਖਾਸ ਤਿੱਥ ਜਾਂ ਵਾਰ ਨੂੰ ਬਤੌਰ ਵਿਸ਼ੇਸ਼ ਤਿੱਥ - ਵਾਰ ਦੇ ਮਾਨਤਾ ਨਹੀਂ ਦਿੰਦਾ।

੧੨. ਖਾਲਸਾ ਕਿਸੇ ਖਾਸ ਤੀਰਥ, ਜਿਵੇਂ ਹਰਿਦੁਆਰ, ਰ... ਪਹੋਆ, ਜਾਂ ਕਾਸ਼ੀ ਆਦਿ ਨੂੰ ਪੁੰਨ - ਸਥਾਨ ਨਹੀਂ ਮੰਨ...

੧੩. ਖਾਲਸਾ ਨਾਸਤਿਕ ਨਹੀਂ ਹੋ ਸਕਦਾ।

੧੪. ਖਾਲਸਾ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦਾ।

੧੫. ਖਾਲਸਾ ਦਸਤਾਰ ਲਾਹ ਕੇ ਟੋਪੀ ਜਾਂ ਟੋਪ ਨਹੀਂ ਪ... ਸਕਦਾ।

੧੬. ਖਾਲਸਾ, ਹੁੱਕਾ ਜਾਂ ਸਿਗਰਟ - ਨੋਸ਼ੀ ਨੂੰ ਬਿਖਿਆ - ਪਾਨ ਸਮਝ ਕੇ ਤਿਆਗਦਾ ਹੈ।

ਉਪਰੋਕਤ ਮਤ - ਭੇਦਾਂ ਤੋਂ ਜ਼ਾਹਰ ਹੈ ਕਿ ਖਾਲਸਾ ਸਨਾਤਨੀ ਕ੍ਰਿਆ-ਕਰਮ ਨੂੰ ਨਹੀਂ ਮੰਨਦਾ, ਸਗੋਂ ਇਸ ਦੀ ਵਿੱਲਖਣ ਰਹਿਣੀ-ਬਹਿਣੀ ਹੈ, ਜਿਸ ਦਾ ਉਹ ਧਾਰਨੀ ਹੈ।

ਇਨ੍ਹਾਂ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਆਪਣੇ ਆਪ ਵਿੱਚ ਵਿੱਲਖਣ ਤੇ ਸੰਪੂਰਨ ਧਰਮ ਹੈ। ਇਸਦੇ ਬਹੁਤ ਸਾਰੇ ਸਿਧਾਂਤ ਬਾਕੀ ਧਰਮਾਂ ਦੇ ਸਿਧਾਂਤਾਂ ਨਾਲ ਮਿਲਦੇ ਵੀ ਹਨ ਅਤੇ ਬਹੁਤਿਆਂ ਨਾਲ ਮਤ ਦਾ ਵਖਰੇਵਾਂ ਵੀ ਹੈ। ਪਰ ਸਿੱਖ ਧਰਮ ਦਾ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਹੈ ਤੇ ਸਾਰੀ ਮਨੁੱਖਤਾ ਨੂੰ ਏਕ ਪਿਤਾ ਕੇ ਬਾਰਕ ਸਮਝ ਕੇ ਸਭ ਨੂੰ ਆਪਣੇ ਪਿਆਰ - ਕਲਾਵੇ ਵਿੱਚ ਲੈਂਦਾ ਹੈ, ਬਗੈਰ ਕਿਸੇ ਜਾਤ, ਗੋਤ ਜਾਂ ਨਸਲੀ ਵਿਤਕਰੇ ਦੇ। ਉਹ ਕਿਸੇ ਨਾਲ ਨਫਰਤ ਨਹੀਂ ਕਰਦਾ ਤੇ ਨਾ ਹੀ ਕਿਸੇ ਨੂੰ ਵੈਰੀ ਜਾਂ ਬਿਗਾਨਾ ਸਮਝਦਾ ਹੈ:-

**ਨਾ ਕੋ ਬੈਰੀ ਨਹੀ ਬਿਗਾਨਾ,**
**ਸਗਲ ਸੰਗਿ ਹਮ ਕਉ ਬਨਿ ਆਈ ।।**

(ਕਾਨੜਾ ਮ. ੫, ਪੰਨਾ ੧੨੯੯)

ਸਿੱਖ ਨੂੰ ਹਿੰਦੂ, ਮੁਸਲਮਾਨ ਅਤੇ ਈਸਾਈ ਆਦਿ ਵਿੱਚ ਕੋਈ ਅੰਤਰ ਨਹੀਂ ਭਾਸਦਾ, ਉਸਦੇ ਸਾਹਮਣੇ ਤਾਂ ਦਸਮੇਸ਼ ਜੀ ਦਾ ਫੁਰਮਾਨ ਹੈ-

**ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ**
**ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ।।੮੫।।**

(ਅਕਾਲ ਉਸਤਤਿ)

ਇਤਿਹਾਸ ਗਵਾਹ ਹੈ ਕਿ ਸਿੱਖ ਪੰਥ ਦੇ ਹਿਤੈਸ਼ੀਆਂ ਵਿੱਚ ਹਿੰਦੂ ਵੀ ਹੋਏ ਹਨ ਅਤੇ ਮੁਸਲਮਾਨ ... ਪੰਥ ਦੇ ਨਾਲ ਹੀ ਇਸ ਦਾ ਵਿਰੋਧ, ਜਿਥੇ ਕੁਝ ਕੱਟੜ ਮੁਸਲਮਾਨਾਂ ਨੇ ਕੀਤਾ, ਉਥੇ ਕੁਝ ਸੁਆਰਥੀ ਬੁਜ਼ਦਿਲ ਹਿੰਦੂ ਵੀ ਇਸ ਦੇ ਵਿਰੋਧੀ ਬਣੇ। ਖਾਲਸੇ ਦਾ ਵਿਰੋਧ, ਕਿਸੇ ਫਿਰਕੇ ਦੇ ਅਨੁਆਈਆ ਦੇ ਵਿਰੁੱਧ ਨਹੀਂ, ਸਗੋਂ ਦੁਸ਼ਟਾਂ, ਦੋਖੀਆਂ ਨਾਲ ਹੈ, ਉਹ ਭਾਵੇਂ ਕਿਸੇ ਫਿਰਕੇ ਵਿਚ ਹੋਣ। ਯਾਦ ਰੱਖਣ ਵਾਲੀ ਗੱਲ ਹੈ ਕਿ ਦੁਸ਼ਟ - ਬੁੱਧੀ ਮਸੰਦਾਂ ਨੂੰ ਗੁਰੂ ਪਾਤਸ਼ਾਹ ਨੇ ਆਪ ਤੇਲ ਪਾ ਕੇ ਫੂਕਿਆ। ਖਾਲਸੇ ਦਾ ਧਾਰਮਿਕ ਫਲਸਫਾ, ਚੱਜ - ਆਚਾਰ, ਖਾਣ - ... , ਖਾਣ - ਪਾਣ ਪਹਿਰਾਨ, ਆਸ਼ਾ - ਇਸ਼ਟ - ਉਪਾਸਨਾ ... ਵਿਲੱਖਣ ਨਿਰਾਲਾ ਹੈ।


www.AKJ.Org

# ਬਾਪੂ ਜੀ ਤੇ ਬੱਚੇ (੪)

ਬੁੱਧਵਾਰ ਨੂੰ ਬਾਪੂ ਜੀ ਕੋਲ ਆਏ ਬੱਚਿਆਂ ਦੀ ਗੱਲ ਬਾਤ ਇਉਂ ਹੋਈ-

**ਕੁਲਜੀਤ ਸਿੰਘ**:- ਬਾਪੂ ਜੀ! ਔਹ ਜਿਹੜਾ ਪਰਲੇ ਘਰ ਵਾਲਿਆਂ ਦਾ ਮੀਤਾ ਆ, ਉਹਨੂੰ ਪਰਸੋਂ ਉਹਦੀ ਮਾਂ ਨੇ ਪੈਸੇ ਤੇ ਰਾਸ਼ਨ ਕਾਟ (ਕਾਰਡ) ਦੇ ਕੇ ਡੀਪੂ ਤੋਂ ਮਿੱਟੀ ਦਾ ਤੇਲ ਲੈਣ ਲਈ ਭੇਜਿਆ। ਉਹ ਰਾਹ ਵਿੱਚ ਮਦਾਰੀ ਦਾ ਤਮਾਸ਼ਾ ਈ ਦੇਖਦਾ ਰਿਹਾ। ਤਮਾਸ਼ਾ ਖਤਮ ਹੋਣ ਤੇ ਜਦ ਉਹ ਡੀਪੂ ਤੇ ਪਹੁੰਚਾ ਤਾਂ ਡੀਪੂ ਬੰਦ ਹੋ ਚੁੱਕਾ ਸੀ। ਜਦ ਉਹ ਖਾਲੀ ਪੀਪੀ ਖੜਕਾਉਂਦਾ ਘਰ ਮੁੜਿਆ ਤਾਂ ਉਹਨੂੰ ਬਹੁਤ ਮਾਰ ਪਈ। ਉਹਦੀਆਂ ਚੀਕਾਂ ਸਾਡੇ ਘਰ ਤੱਕ ਸੁਣਦੀਆਂ ਸੀ।

**ਬਾਪੂ ਜੀ**: ਬੱਚੂ! ਜਿਹੜੇ ਬੰਦੇ ਆਪਣੇ ਜਿੰਮੇਂ ਲੱਗਾ ਕੰਮ ਨਹੀਂ ਕਰਦੇ, ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਹੀ ਮਸਤ ਹੋ ਜਾਂਦੇ ਹਨ, ਉਹਨਾਂ ਦੇ ਮਾਰ ਹੀ ਪਿਆ ਕਰਦੀ ਹੈ। ਭਲਾ ਜੇ ਤੁਸੀਂ ਘਰ ਆਕੇ ਸਕੂਲ ਦਾ ਕੰਮ ਨਹੀਂ ਕਰੋਗੇ, ਸਾਰਾ ਸਮਾਂ ਖੇਲਣ ਕੁੱਦਣ ਵਿੱਚ ਹੀ ਗੁਆ ਦਿਉਗੇ, ਤਾਂ ਕੀ ਤੁਹਾਨੂੰ ਸਕੂਲੇ ਜਾ ਕੇ ਕੁੱਟ ਨਹੀਂ ਪਵੇਗੀ?

**ਬੱਚੇ** : ਜਰੂਰ ਪਏਗੀ।

**ਬਾਪੂ ਜੀ** : ਬੱਚਿਉ ! ਇਸੇ ਹੀ ਤਰ੍ਹਾਂ ਰੱਬ ਨੇ ਵੀ ਇੱਕ ਖਾਸ ਕੰਮ ਕਰਨ ਲਈ ਸਾਨੂੰ ਇਸ ਦੁਨੀਆਂ ਵਿੱਚ ਭੇਜਿਆ ਹੈ। ਜੇ ਉਸ ਕੰਮ ਦਾ ਧਿਆਨ ਛੱਡ ਕੇ ਅਸੀਂ ਦੁਨੀਆਂ ਦੇ ਰੰਗ ਤਮਾਸ਼ਿਆਂ ਵਿੱਚ ਹੀ ਆਪਣੀ ਉਮਰ ਬਿਤਾ ਦਿੱਤੀ ਤਾਂ ਰੱਬ ਕੋਲੇ ਵਾਪਸ ਪਹੁੰਚਣ ਤੇ ਸਾਨੂੰ ਵੀ 'ਜਮਾਂ' ਦੀ ਮਾਰ ਸਹਿਣੀ ਪਵੇਗੀ। ਏਥੇ ਤਾਂ ਮੀਤੇ ਵਰਗਿਆਂ ਨੂੰ ਮਾਰ ਪੈਂਦੀ ਤੋਂ ਕੋਈ ਛੁਡਾ ਹੀ ਦੇਵੇਗਾ ਪਰ ਜਮਾਂ ਤੋਂ ਕੌਣ ਛੁਡਾਵੇਗਾ? ਮਾਂ ਪਿਓ, ਭੈਣ ਭਰਾ, ਇਸਤਰੀ, ਸਾਕ ਸੰਬੰਧੀ ਤਾਂ ਇਥੇ ਹੀ ਰਹਿ ਜਾਣੇ ਹਨ।

**ਕੁਲਜੀਤ ਸਿੰਘ**: ਬਾਪੂ ਜੀ! ਰੱਬ ਨੇ ਬੰਦਿਆਂ ਨੂੰ ਕਿਹੜਾ ਖਾਸ ਕੰਮ ਕਰਨ ਲਈ ਇਸ ਦੁਨੀਆਂ ਵਿੱਚ ਭੇਜਿਐ।

**ਬਾਪੂ ਜੀ**: ਬੱਚੂ! ਪਿਛਲੇ ਕਰਮਾਂ ਕਰਕੇ ਅਸੀਂ ਰੱਬ ਤੋਂ ਵਿਛੜੇ ਹੋਏ ਹਾਂ। ਚੁਰਾਸੀ ਲੱਖ ਜੂਨਾਂ ਵਿੱਚ ਖੱਜਲ ਖੁਆਰ ਹੁੰਦੇ ਹੋਏ ਸਾਨੂੰ ਮਨੁੱਖਾ ਜਨਮ ਮਿਲਿਆ ਹੈ। ਇਸ ਜਨਮ ਦਾ ਮਨੋਰਥ ਰੱਬ ਨੂੰ ਮਿਲਣਾ ਹੈ।

**ਕੁਲਜੀਤ ਸਿੰਘ**: ਰੱਬ ਨੂੰ ਮਿਲਣ ਦਾ ਕੀ ਤਰੀਕਾ ਆ?

**ਬਾਪੂ ਜੀ**: ਨਾਮ ਜਪ ਕੇ ਅਤੇ ਗੁਰੂ ਦੇ ਦੱਸੇ ਰਾਹ ਤੇ ਚੱਲ ਕੇ।

**ਕੁਲਜੀਤ ਸਿੰਘ**: ਉਸ ਨਾਮ ਅਤੇ ਰਾਹ ਦਾ ਕਿਥੋਂ ਪਤਾ ਲੱਗਦਾ ਆ?

**ਬਾਪੂ ਜੀ**: ਇਸ ਦਾ ਪਤਾ ਲਗਦਾ ਹੈ ਸੱਚੇ ਗੁਰੂ ਤੋਂ ਜਿਸਨੂੰ ਅਸੀਂ ਸਤਿਗੁਰੂ ਕਹਿੰਦੇ ਹਾਂ। ਦਸੋਂ ਪਾਤਿਸ਼ਾਹੀਆਂ ਤੋਂ ਬਾਅਦ ਅੱਜ ਕਲ ਸਾਡੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਜਿਹੜੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਵਿੱਚ ਬਿਰਾਜਮਾਨ ਸੀ, ਉਹੀਓ ਜੋਤਿ ਹੁਣ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਹੈ। ਜਦੋਂ ਅਸੀਂ ਗੁਰੂ ਲੜ ਲੱਗਣ ਲਈ ਅੰਮ੍ਰਿਤ ਛਕਦੇ ਹਾਂ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਰਹਿਤ ਰਹਿਣੀ ਵਿੱਚ ਪਰਪੱਕ ਪੰਜ ਪਿਆਰੇ ਸਾਨੂੰ 'ਨਾਮ' ਦ੍ਰਿੜ ਕਰਵਾ ਕੇ ਗੁਰਮਤਿ ਗਾਡੀ ਰਾਹ ਤੇ ਪਾ ਦਿੰਦੇ ਹਨ ਜਿਸ ਤੇ ਚੱਲਕੇ ਅਸੀਂ 'ਰੱਬ ਨੂੰ ਮਿਲਣ' ਦਾ ਜੀਵਨ ਮਨੋਰਥ ਪੂਰਾ ਕਰ ਲੈਂਦੇ ਹਾਂ।

**ਕੁਲਜੀਤ ਸਿੰਘ** : ਉਹ ਕਿਹੜਾ ਨਾਮ ਹੈ?

**ਬਾਪੂ ਜੀ**: ਲੋਕੀਂ ਰੱਬ ਨੂੰ ਅਨੇਕ ਨਾਵਾਂ ਨਾਲ ਯਾਦ ਕਰਦੇ ਹਨ। ਜਿਵੇਂ ਪ੍ਰਭੂ, ਪ੍ਰਮਾਤਮਾ, ਪਾਰਬ੍ਰਹਮ, ਪ੍ਰਮੇਸ਼ਰ, ਹਰੀ, ਗੋਬਿੰਦ, ਰਾਮ, ਅੱਲਾ, ਗਾਡ ਆਦਿ। ਰੱਬ ਨੂੰ ਯਾਦ ਕਰਨ ਵਾਲੇ, ਨਾਮ ਨੂੰ ਗੁਰਮਤਿ ਅੰਦਰ 'ਗੁਰਮੰਤ੍ਰ' ਕਿਹਾ ਜਾਂਦਾ ਹੈ। ਅੰਮ੍ਰਿਤ ਛਕਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਪੰਜ ਪਿਆਰੇ ਸਾਨੂੰ 'ਗੁਰਮੰਤ੍ਰ' ਹੀ ਦ੍ਰਿੜ ਕਰਵਾਉਂਦੇ ਹਨ। ਇੱਕਲੇ ਕਿਸੇ ਨੂੰ ਵੀ 'ਗੁਰਮੰਤ੍ਰ' ਦ੍ਰਿੜ ਕਰਵਾਉਣ ਦਾ ਅਧਿਕਾਰ ਨਹੀਂ। ਜੇ ਕੋਈ ਕਿਸੇ ਕੋਲੋਂ ਸੁਣਿਆਂ ਨਾਮ ਜਪਣ ਵੀ ਲੱਗ ਜਾਵੇ ਤਾਂ ਵੀ ਉਹ ਫਲੀਭੂਤ ਨਹੀਂ ਹੁੰਦਾ ਜਿਵੇਂ ਅਰਜੀ ਨਵੀਸ ਦੇ ਹਲਫੀਆ ਬਿਆਨ ਦੀ ਉਨੀ ਦੇਰ ਤੱਕ ਕੋਈ ਵੁਕਤ ਨਹੀਂ, ਜਿੰਨੀ ਦੇਰ ਤੱਕ ਮੈਜਿਸਟ੍ਰੇਟ ਦੀ ਮੋਹਰ ਲੱਗ ਕੇ ਉਸ ਦੇ ਦਸਤਖਤ ਨਹੀਂ ਹੋ ਜਾਂਦੇ।

**ਕੁਲਜੀਤ ਸਿੰਘ**: ਬਾਪੂ ਜੀ। ਇਸ ਗੱਲ ਦੀ ਪੂਰੀ ਤਰਾਂ ਸਮਝ ਨਹੀਂ ਪਈ।

**ਬਾਪੂ ਜੀ**: ਬੱਚੂ! ਹਾਲੇ ਤੁਸੀ ਨਿਆਣੇ ਹੋ, ਹੌਲੀ ਹੌਲੀ ਸਭ ਪਤਾ ਲੱਗ ਜਾਏਗਾ।

**ਇੱਕ ਦੂਜਾ ਬੱਚਾ**: ਬਾਪੂ ਜੀ! ਗੁਰੂ ਹਰਿਕ੍ਰਿਸ਼ਨ ਸਾਹਿਬ ਤਾਂ ਪੰਜਾਂ ਸਾਲਾਂ ਦੇ ਗੁਰੂ ਬਣ ਗਏ ਸੀ। ਉਨ੍ਹਾਂ ਨੂੰ ਤਾਂ ਹਰ ਗੱਲ ਦਾ ਪਤਾ ਸੀ।



www.AKJ.Org

**ਬਾਪੂ ਜੀ:** ਬੱਚੂ! ਉਹ ਪਰਮਾਤਮਾ ਨਾਲ ਇੱਕ ਮਿੱਕ ਸਨ। ਉਨ੍ਹਾਂ ਦੀ ਆਤਮਾ ਪਰਮਾਤਮਾ ਨਾਲ ਮਿਲੀ ਹੋਈ ਸੀ। ਇਹੋ ਹੀ ਸਾਡੇ ਜੀਵਨ ਦਾ ਮਨੋਰਥ (ਟੀਚਾ) ਹੈ।

**ਇੱਕ ਹੋਰ ਬੱਚਾ:** ਗੋਬਿੰਦ ਕਿੱਦਾਂ ਮਿਲਦਾ ਆ?

**ਕੁਲਜੀਤ ਸਿੰਘ:** ਬਾਪੂ ਜੀ ਦੱਸ ਤਾਂ ਚੁੱਕੇ ਆ.........

ਨਾਮ ਜਪਕੇ ਤੇ ਗੁਰੂ ਦੇ ਦੱਸੇ ਰਾਹ ਤੇ ਚੱਲਕੇ।

**ਪਹਿਲੇ ਵਾਲਾ ਬੱਚਾ:** ਉਹ ਰਾਹ ਕਿਹੜਾ ਆ?

**ਬਾਪੂ ਜੀ:** ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰੇ ਅੰਮ੍ਰਿਤ ਛਕਣ ਵਾਲਿਆਂ ਨੂੰ ਰਹਿਤਾਂ ਤੇ ਕੁਰਹਿਤਾਂ ਵਾਰੇ ਦੱਸਦੇ ਹਨ ਕਿ ਸਿੱਖ ਨੇ ਇਹ ਕੰਮ ਕਰਨੇ ਹਨ ਅਤੇ ਇਹ ਨਹੀਂ ਕਰਨੇ। ਕਰਨ ਵਾਲੇ ਕੰਮਾਂ ਨੂੰ ਰਹਿਤਾਂ ਕਿਹਾ ਜਾਂਦਾ ਹੈ ਅਤੇ ਨਾ ਕਰਨ ਵਾਲੇ ਕੰਮਾਂ ਨੂੰ ਕੁਰਹਿਤਾਂ।

**ਓਹੀਓ ਬੱਚਾ:** ਨਾ ਕਰਨ ਵਾਲੇ ਕੰਮ ਕਿਹੜੇ ਹਨ?

**ਬਾਪੂ ਜੀ:** ਬੱਚਿਓ! ਗੁਰਸਿੱਖਾਂ ਵਾਸਤੇ ਚਾਰ ਬੱਜਰ ਕੁਰਹਿਤਾਂ ਹਨ, ਕੇਸਾਂ ਦੀ ਬੇਅਦਬੀ ਕਰਨੀ, ਕੁੱਠਾ ਮਾਸ ਖਾਣਾ, ਪਰਾਈ ਇਸਤਰੀ ਪੁਰਸ਼ ਦਾ ਸੰਗ, ਤਮਾਕੂ, ਬੀੜੀ, ਸਿਗਰਟ, ਨਸ਼ੇ ਦੀ ਵਰਤੋਂ। ਇਨ੍ਹਾਂ ਕੁਰਹਿਤਾਂ ਵਿਚੋਂ ਕਿਸੇ ਵੀ ਇੱਕ ਦੇ ਕਰਨ ਨਾਲ ਸਿੱਖ ਪਤਿਤ ਗਿਣਿਆ ਜਾਂਦਾ ਹੈ। ਉਸ ਨੂੰ ਮੁੜ ਸਿੱਖੀ ਦੇ ਦਾਇਰੇ ਵਿੱਚ ਆਉਣ ਵਾਸਤੇ ਅੰਮ੍ਰਿਤ ਛਕਣਾ ਪੈਂਦਾ ਹੈ ਅਤੇ ਭੁੱਲ ਬਖਸ਼ਾਉਣੀ ਪੈਂਦੀ ਹੈ।

**ਇੱਕ ਹੋਰ ਬੱਚਾ:** ਬਾਪੂ ਜੀ! ਬੀੜੀਆਂ ਪੀਣ ਵਾਲੇ ਤਾਂ ਬੇ ਉਠਾਲ ਦਿੰਦੇ ਆ।

**ਬਾਪੂ ਜੀ:** ਬੱਚਿਓ! ਜਿਥੇ ਕੋਈ ਬੀੜੀ ਸਿਗਰਟ ਪੀਂਦਾ ਹੋਵੇ ਤੁਹਾਨੂੰ ਉਥੇ ਨਹੀਂ ਖਲੋਣਾ ਚਾਹੀਦਾ, ਦੂਰ ਚਲੇ ਜਾਣਾ ਚਾਹੀਦਾ ਹੈ ਤਾਂ ਜੋ ਤੰਬਾਕੂ ਦਾ ਧੂੰਆ ਤੁਹਾਡੇ ਅੰਦਰ ਜਾ ਕੇ ਫੇਫੜਿਆਂ ਨੂੰ ਨੁਕਸਾਨ ਨਾ ਪਹੁੰਚਾਵੇ।

**ਕੁਲਜੀਤ ਸਿੰਘ:** ਬਾਪੂ ਜੀ! ਮੈਂ ਇੱਕ ਕਿਤਾਬ ਵਿੱਚ ਪੜ੍ਹਿਐ ਕਿ ਤਮਾਖੂ ਵਿੱਚ 'ਨਿਕੋਟੀਨ' ਨਾ ਦੀ ਜ਼ਹਿਰ ਹੁੰਦੀ ਆ। ਜੇ ਉਹ ਥੋੜੀ ਜਿਹੀ ਕੁਕੜੀ ਨੂੰ ਪਾ ਦਿਤੀ ਜਾਏ ਤਾਂ ਉਹ ਮਰ ਜਾਊਗੀ।

**ਬਾਪੂ ਜੀ:** ਬਿਲਕੁਲ ਠੀਕ। ਇਸੇ ਹੀ ਕਰਕੇ ਬੀੜੀ ਸਿਗਰਟ ਪੀਣ ਵਾਲਿਆਂ ਦੇ ਫੇਫੜੇ ਖਰਾਬ ਹੋ ਜਾਂਦੇ ਹਨ, ਹਰ ਵੇਲੇ ਖਊਂ ਖਊਂ ਕਰਦੇ ਰਹਿੰਦੇ ਹਨ, ਦਮੇਂ ਤਪਦਿਕ ਤੇ ਕੈਂਸਰ ਜੇਹੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਛੇਤੀ ਹੀ ਮਰ ਜਾਂਦੇ ਹਨ।

**ਪਹਿਲੇ ਵਾਲਾ ਬੱਚਾ:** ਬਾਪੂ ਜੀ! ਸਿੱਖਾਂ ਵਾਸਤੇ ਰਹਿਤਾਂ ਕਿਹੜੀਆਂ ਆ?

**ਬਾਪੂ ਜੀ:** ਲਉ ਸੁਣੋ-

੧. ਅੰਮ੍ਰਿਤ ਵੇਲੇ ਉੱਠਣਾ ਤੇ ਜੰਗਲ ਪਾਣੀ ਤੋਂ ਬਾਅਦ ਦਾਤਨ ਜਾਂ ਬੁਰਸ਼ ਕਰਕੇ ਇਸ਼ਨਾਨ ਕਰਨਾ।

੨. ਨਾਮ ਜਪਣਾ ਤੇ ਗੁਰਬਾਣੀ ਦਾ ਨਿਤਨੇਮ (ਪਾਠ) ਕਰਨਾ।

੩. ਗੁਰਦੁਆਰੇ ਜਾਕੇ ਕਥਾ ਕੀਰਤਨ ਕਰਨਾ ਸੁਣਨਾ, [illegible] ਸੇਵਾ ਕਰਨੀ।

੪. ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ।

੫. ਗੁਰਬਾਣੀ ਅਨੁਸਾਰ ਚੱਲਣਾ।

੬. ਪੰਜ ਕਕਾਰੀ ਰਹਿਤ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ

੭. ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣੀ।

**ਕੁਲਜੀਤ ਸਿੰਘ:** ਜੰਗਲ ਪਾਣੀ ਦਾ ਕੀ ਮਤਲਬ ਆ?

**ਬਾਪੂ ਜੀ:** ਟੱਟੀ ਪਿਸ਼ਾਬ।

**ਦੂਜਾ ਬੱਚਾ:** ਤੇ ਵੰਡ ਛਕਣਾ।

**ਬਾਪੂ ਜੀ:** ਸਭ ਕੁਝ ਆਪ ਹੀ ਨਾ ਖਾ ਜਾਏ, ਸਗੋਂ [illegible] ਵਿੱਚ ਵੰਡ ਕੇ ਛਕੇ।

**ਇੱਕ ਹੋਰ ਬੱਚਾ:** ਜੇ ਭਾਪਾ ਜੀ ਸਾਡੇ ਲਈ [illegible] ਲਿਆਉਣ ਤਾਂ ਕੀ ਅਸੀਂ ਸਾਰੇ ਮਹੱਲੇ ਵਿੱਚ ਵੰਡ [illegible]

**ਬਾਪੂ ਜੀ:** ਜੇ ਮੁਹੱਲੇ [illegible] ਵੰਡਣ ਜੋਗੇ ਹੋਣ [illegible] ਮੁਹੱਲੇ ਵਿੱਚ ਵੰਡ ਦਿੱਤੇ [illegible] ਪਰ ਪਰਿਵਾਰ ਵਿੱਚ [illegible] ਹਿੱਸੇ ਆਉਂਦੇ ਵੰਡਕੇ [illegible] ਛਕਣੇ ਚਾਹੀਦੇ [illegible]

**ਦੂਜਾ ਬੱਚਾ:** ਭਾਪਾ [illegible] ਜਿਹੜੇ ਪੈਸੇ ਕਮਾ ਕੇ ਲਿਆਉਂਦੇ ਆ ਕੀ ਉਹ ਵੀ ਵੰਡ ਦੇਣੇ ਚਾਹੀਦੇ ਆ?

**ਬਾਪੂ ਜੀ:** ਇਸ ਵਾਰੇ ਗੁਰੂ ਸਾਹਿਬ ਦਾ ਹੁਕਮ ਦਸਵੰਧ ਦੇਣ ਦਾ ਹੈ।

**ਦੂਜਾ ਬੱਚਾ:** ਬਾਪੂ ਜੀ! ਦਸਵੰਧ ਕੀ ਹੁੰਦੇ?

**ਬਾਪੂ ਜੀ:** ਆਪਣੀ ਕਿਰਤ ਕਮਾਈ ਦਾ ਦਸਵਾਂ ਹਿੱਸਾ ਗੁਰੂ ਅਰਥ ਦੇਣਾ ਤਾਂ ਜੋ ਗੁਰੂ ਕੇ ਲੰਗਰ ਚਲਦੇ ਰਹਿਣ, ਆਏ ਗਏ ਅਤਿਥੀਆਂ ਦੀ ਸੇਵਾ ਹੁੰਦੀ ਰਹੇ ਅਤੇ [illegible] ਕਾਰਜਾਂ ਵਿਚ ਮਾਇਆ ਦੀ ਘਾਟ ਕਾਰਨ ਅਟਕਾਅ ਨਾ ਪਵੇ।

**ਕੁਲਜੀਤ ਸਿੰਘ:** ਕੀ ਹਰ ਸਿੱਖ ਦਸਵੰਧ ਦਿੰਦਾ ਆ?

**ਬਾਪੂ ਜੀ:** ਗੁਰੂ ਦਾ ਹੁਕਮ ਸਾਰਿਆਂ ਵਾਸਤੇ ਹੈ ਕਿ ਉਹ ਦਸਵੰਧ ਦੇਣ।

**ਕੁਲਜੀਤ ਸਿੰਘ:** ਜਿਹੜੇ ਨਹੀਂ ਦਿੰਦੇ?

**ਬਾਪੂ ਜੀ:** ਉਨ੍ਹਾਂ ਬਾਰੇ ਗੁਰੂ ਸਾਹਿਬ ਇਉਂ ਕਹਿੰਦੇ [illegible]


www.AKJ.Org

੧. ਜੋ ਬਾਬੇ ਕੇ ਦਾਮ ਨ ਦੇ ਹੈਂ।
ਤਿਨ ਕੇ ਗਹਿ ਬਾਬਰ ਕੇ ਲੈ ਹੈਂ।
੨. ਦਸਵੰਧ ਗੁਰੂ ਨਹਿ ਦੇਵਹੀ, ਝੂਠ ਬੋਲ ਜੋ ਖਾਏ.
ਕਹੈ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹਿ।
੩. ਗੋਲਕ ਰਾਖੇ ਨਾਹਿ ਜੋ, ਛਲ ਕਾ ਕਰੈ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗੈ ਨਰਕ ਹਜਾਰ।

**ਕੁਲਜੀਤ ਸਿੰਘ**: ਬਾਪੂ ਜੀ! ਇਨ੍ਹਾਂ ਦੇ ਅਰਥ ਬੀ ਸਮਝਾ ਦਿਓ।

**ਬਾਪੂ ਜੀ**: ੧) 'ਬਾਬੇ ਕੇ' ਦਾ ਭਾਵ ਹੈ ਬਾਬੇ ਨਾਨਕ ਦੇ ਅਤੇ 'ਬਾਬਰ ਕੇ' ਕਹਿੰਦੇ ਹਨ, ਮੁਗਲ ਬਾਦਸ਼ਾਹ ਬਾਬਰ ਦੇ ਖਾਨਦਾਨ ਨੂੰ। ਜਿਹੜੇ ਸਿੱਖ ਆਪਣਾ ਬਣਦਾ ਦਸਵੰਧ ਗੁਰੂ ਘਰ ਨਹੀਂ ਦਿੰਦੇ ਉਨ੍ਹਾਂ ਨੂੰ ਮੁਗਲ ਸਰਕਾਰ ਦੇ ਕਾਰਿੰਦੇ ਲੁੱਟ ਪੁੱਟ ਕੇ ਲੈ ਜਾਂਦੇ ਹਨ। (ਗੁਰੂ ਸਾਹਿਬਾਨ ਵੇਲੇ ਭਾਰਤ ਵਿੱਚ ਮੁਗਲਾਂ ਦਾ ਰਾਜ ਸੀ।)

੨.) ਜਿਹੜੇ ਸਿੱਖ ਗੁਰੂ ਨਮਿੱਤ ਦਸਵੰਧ ਨਹੀਂ ਦਿੰਦੇ ਝੂਠ ਬੋਲ ਕੇ ਹੜੱਪ ਕਰ ਜਾਂਦੇ ਹਨ, ਗੁਰੂ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਦਾ ਕੋਈ ਵਿਸਾਹ ਨਹੀਂ, ਉਹ ਬੇਇਤਬਾਰੇ ਹਨ।

੩.) ਜਿਹੜੇ ਸਿੱਖ ਦਸਵੰਧ ਪਾਉਣ ਵਾਸਤੇ ਗੋਲਕ ਨਹੀਂ ਰੱਖਦੇ ਭਾਵ ਦਸਵੰਧ ਨਹੀਂ ਕੱਢਦੇ, ਦਸਮੇਸ਼ ਪਿਤਾ ਜੀ ਕਹਿੰਦੇ ਹਨ ਕਿ ਉਹ ਹਜਾਰਾਂ ਨਰਕ ਭੋਗਦੇ ਹਨ ਭਾਵ ਅਨੇਕ ਪਰਕਾਰ ਦੀਆਂ ਦੁੱਖਾਂ ਤਕਲੀਫਾਂ ਸਹਿੰਦੇ ਹਨ।

**ਕੁਲਜੀਤ ਸਿੰਘ**: ਫੇਰ ਤਾਂ ਹਰ ਸਿੱਖ ਨੂੰ ਜਰੂਰ ਦਸਵੰਧ ਦੇਣਾ ਚਾਹੀਦਾ ਹੈ।

**ਬਾਪੂ ਜੀ**: ਬੱਚੂ! ਦਸਵੰਧ ਨਾ ਦੇਣ ਵਾਲਿਆਂ ਨੂੰ ਦਸ ਗੁਣਾ ਨੁਕਸਾਨ ਸਹਿਣਾ ਪੈਂਦਾ ਹੈ ਅਤੇ ਜਿਹੜੇ ਗੁਰਸਿੱਖ ਆਪਣੀ ਕਿਰਤ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਵਿੱਚ ਦਿੰਦੇ ਹਨ ਉਹਨਾਂ ਨੂੰ ਦਸ ਗੁਣਾ ਲਾਭ ਹੁੰਦਾ ਹੈ। ਰਹਿਤਨਾਮੇ ਵਿੱਚ ਲਿਖਿਆ ਹੋਇਆ ਹੈ-

'ਦਸਨਖ ਕਰ ਜੋ ਕਾਰ ਕਮਾਵੈ, ਤਾਂਕਰ ਜੋ ਧਨ ਘਰ ਮੈ ਆਵੈ, ਤਿਸ ਤੇ ਗੁਰ - ਦਸੌਂਧ ਜੋ ਦੇਈ, ਸਿੰਘ [illegible] ਬਹੁ ਜਗ ਮਹਿ ਲੇਈ।

[illegible] ਦਾ ਭਾਵ ਇਹ ਹੈ ਕਿ ਜਿਹੜਾ ਸਿੱਖ ਦਸਾਂ [illegible] ਕਿਰਤ ਕਰਕੇ ਪੈਸਾ ਘਰ ਲਿਆਉਂਦਾ ਹੈ, ਜੇ [illegible] ਵਿਚੋ ਦਸਵੰਧ ਦਿੰਦਾ ਹੈ ਤਾਂ ਦੁਨੀਆਂ [illegible] ਇੱਜ਼ਤ ਮਾਣ ਹੁੰਦਾ ਹੈ।

**ਕੁਲਜੀਤ ਸਿੰਘ**: ਬਾਪੂ ਜੀ: ਇਸ ਦਾ ਮਤਲਬ ਇਹ ਹੋਇਆ ਕਿ ਜੇ ਕਿਸੇ ਦਾ ਸੌ ਰੁਪੱਯਾ ਦਸਵੰਧ ਬਣਦਾ ਹੈ ਤਾਂ ਦਸਵੰਧ ਦੇਣ ਵਾਲੇ ਨੂੰ ਹਜ਼ਾਰ ਰੁਪਏ ਦੇ ਬਰਾਬਰ ਫੈਦਾ ਹੋਊ ਤੇ ਨਾਂ ਦੇਣ ਵਾਲੇ ਨੂੰ ਹਜ਼ਾਰ ਰੁਪਏ ਦਾ ਨੁਕਸਾਨ ਸਹਿਣਾ ਪਊ।

**ਬਾਪੂ ਜੀ**: ਬਿਲਕੁਲ ਠੀਕ ।

**ਕੁਲਜੀਤ ਸਿੰਘ**: ਤਾਂ ਤੇ ਸਾਰਿਆਂ ਨੂੰ ਇਮਾਨਦਾਰੀ ਨਾਲ ਦਸਵੰਧ ਦੇਣਾ ਚਾਹੀਦਾ। ਦਸ ਗੁਣਾ ਡੰਨ ਸਹਿਣ ਨਾਲੋਂ ਤਾਂ ਚੰਗਾ ਈ ਆ ਕਮਾਈ ਦਾ ਦਸਮਾਂ ਹਿੱਸਾ ਦਸਵੰਧ ਦਾ ਦਿੱਤਾ ਜਾਵੇ।

**ਬਾਪੂ ਜੀ**: ਪਰ ਸਾਰੇ ਲੋਕ ਇਸ ਗੱਲ ਨੂੰ ਵਿਚਾਰਦੇ ਨਹੀਂ। ਕਚਹਿਰੀਆਂ, ਠਾਣਿਆਂ, ਹਸਪਤਾਲਾਂ ਵਿੱਚ ਤਾਂ ਭਾਵੇਂ ਹਜ਼ਾਰਾਂ ਰੁਪਏ ਰੋੜ੍ਹ ਆਉਣ ਪਰ ਦਸਵੰਧ ਨਹੀਂ ਦਿੰਦੇ, ਝੂਠ ਬੋਲ ਬੋਲ ਕੇ ਖੱਟੀ ਕਮਾਈ ਖਾਈ ਜਾਂਦੇ ਹਨ।

**ਕੁਲਜੀਤ ਸਿੰਘ**: ਗੁਰੂ ਸਾਹਿਬ ਫੇਰ ਠੀਕ ਹੀ ਤਾਂ ਕਹਿੰਦੇ ਆ "ਭੋਗੈ ਨਰਕ ਹਜ਼ਾਰ" ।

**ਬਾਪੂ ਜੀ**: ਹੱਛਾ ਬੱਚਿਓ ! ਕੀ ਤੁਹਾਡੇ ਵਿਚੋ ਕੋਈ ਦੱਸ ਸਕਦਾ ਹੈ ਕਿ ਖਾਲਸੇ ਦੇ ਪੰਜ ਕਕਾਰ ਕਿਹੜੇ ਹਨ?

**ਇਕ ਬੱਚਾ**: ਬਾਪੂ ਜੀ ! ਮੈਂ ਦੱਸਾਂ?

**ਬਾਪੂ ਜੀ**: ਦੱਸੋ।

**ਉਹ ਬੱਚਾ**: ਕੇਸ, ਕੰਘਾ, ਕੜਾ, ਕ੍ਰਿਪਾਨ, ਕਛਹਿਰਾ।

**ਦੂਜਾ ਬੱਚਾ**: ਕੇਸ ਕਾਹਦੇ ਨਾਲ ਢਕੇਂਗਾ?

**ਪਹਿਲਾ ਬੱਚਾ**: ਕੇਸਕੀ ਨਾਲ।

**ਦੂਜਾ ਬੱਚਾ**: ਕੇਸਕੀ ਬਿਨਾਂ ਤਾਂ ਕੇਸਾਂ ਵਿੱਚ ਮਿੱਟੀ ਘੱਟਾ ਈ ਉੱਡ ਉੱਡ ਪਊ।

**ਕੁਲਜੀਤ ਸਿੰਘ**: ਬਾਪੂ ਜੀ ! ਕੇਸ ਤਾਂ ਲੱਤਾਂ ਬਾਹਾਂ ਵਾਂਗੂ ਸਾਡੇ ਸਰੀਰ ਦੇ ਅੰਗ ਆ। ਕੇਸਾਂ ਨੂੰ ਕਤਲ ਕਰੌਣਾ ਤਾਂ ਰੱਬ ਦੀ ਦਿੱਤੀ ਹੋਈ ਸਾਬਤ ਸੂਰਤ ਨੂੰ ਭੰਨਣਾ ਤੋੜਨਾ ਆ। ਕੇਸ ਕਤਲ ਕਰੌਣਾ ਤਾਂ ਸਿੱਖੀ ਵਾਸਤੇ ਬੱਜਰ ਕੁਰਹਿਤ ਆ। ਪੰਜਵਾਂ ਕਕਾਰ ਤਾਂ ਕੰਘੇ ਕੜੇ ਵਾਂਗ ਕੇਸਕੀ ਹੀ ਹੋਈ।

**ਬਾਪੂ ਜੀ**: ਠੀਕ ! ਅੱਛਾ ਬੱਚਿਓ ! ਹੁਣ ਮੇਰੇ ਸੌਣ ਦਾ ਵੇਲਾ ਹੋ ਗਿਆ ਹੈ, ਕੱਲ੍ਹ ਨੂੰ ਫੇਰ ਮਿਲਾਂਗੇ।

ਸਾਰੇ ਬੱਚੇ ਬਾਪੂ ਜੀ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾ ਕੇ ਚਲੇ ਜਾਂਦੇ ਹਨ।


www.AKJ.Org

ਸੂਰਾ ਮਾਸਕ ਪੱਤ੍ਰ ਦੇ ਆਮਦਨ ਖਰਚ ਦਾ ਚਿੱਠਾ

ਸਾਲ ੧੯੯੦-੯੧ ਤੋਂ ੧੯੯੨-੯੩

# ਆਡਿਟ ਰੀਪੋਰਟ

ਸੂਰਾ ਮਾਸਕ ਪੱਤਰ ਦੇ ਆਮਦਨ ਖਰਚ ਦਾ ਚਿੱਠਾ ਸਾਲ ੧੯੮੯-੯੦ ਤੱਕ ਪਹਿਲਾਂ ਸੂਰਾ ਦੇ ਮਾਸਕ ਪੱਤਰ ਅਪ੍ਰੈਲ ੧੯੯੨ ਵਿਚ ਛਪ ਚੁਕਿਆ ਹੈ । ਹੁਣ ਸਾਲ ੧੯੯੦-੯੧ ਤੋਂ ੧੯੯੨-੯੩ ਦੇ ਆਮਦਨ ਖਰਚ ਦੇ ਲੇਖਿਆਂ ਦੀ ਟੂਕ ਪੜਤਾਲ ਕੀਤੀ ਗਈ ਹੈ । ਇਸ ਦਾ ਹਰ ਸਾਲ ਦੇ ਆਮਦਨ ਖਰਚ ਦੇ ਵੇਰਵਾ ਤੇ ਸਬੰਧੰਤ ਬੈਲੰਸ ਸ਼ੀਟ ਨਾਲ ਸ਼ਾਮਲ ਹੈ ।

ਇਸ ਦੀਆਂ ਵਿਸ਼ੇਸ਼ ਗਲਾਂ ਇਸ ਪ੍ਰਕਾਰ ਹਨ :-

੧) ਸੂਰਾ ਮਾਸਕ ਪੱਤਰ ਦਾ ਸਾਲ ਅਪ੍ਰੈਲ ਤੋਂ ਮਾਰਚ ਚਲਦਾ ਹੈ ।

੨) ਮੈਂ ਆਪਣੀ ਜਾਣਕਾਰੀ ਤੇ ਵਿਸ਼ਵਾਸ਼ ਅਨੁਸਾਰ ਆਡਿਟ ਦੇ ਮੰਤਵ ਲਈ ਲੋੜੀਦੀਆਂ ਸੂਚਨਾਵਾਂ ਤੇ ਸਪਸ਼ਟੀਕਰਨ ਪ੍ਰਾਪਤ ਕਰ ਲਏ ਹਨ ।

੩) ਆਮਦਨ ਖਰਚ ਦੇ ਚਿਠੇ ਤੇ ਬੈਲੰਸ ਸ਼ੀਟ ਦੇ ਚਿਠੇ ਲੇਖੇ ਦੀਆਂ ਪੁਸਤਕਾਂ ਅਥਵਾ ਲੈਜਰ ਤੇ ਕੈਸ਼ ਬੁਕ ਨਾਲ ਮੇਲ ਖਾਂਦੇ ਹਨ ।

੪) ਸੂਰਾ ਮਾਸਕ ਪੱਤਰ ਤੋਂ ਬਿਨਾ ਕੁਛ ਟਰੈਕਟ ਤੇ ਛੋਟੀਆਂ ਪੁਸਤਕਾਂ ਭੀ ਛਪਵਾਈਆਂ ਜਾਂਦੀਆਂ ਹਨ । ਜਿਸ ਦੇ ਆਮਦਨ ਖਰਚ ਦਾ ਵੇਰਵਾ ਵੱਖਰਾ ਦਰਸਾਇਆ ਗਿਆ ਹੈ ।

੫) ਇਸ ਮਾਸਕ ਪੱਤਰ ਦੀ ਮੁਖ ਤੌਰ ਤੇ ਆਮਦਨ ਮਾਹਵਾਰੀ ਚੰਦੇ, ਸੰਗਤਾਂ ਪਾਸੋਂ ਸਹਾਇਤਾ ਤੇ ਲਾਈਫ ਮੈਂਬਰਾਂ ਦੀ ਮੂਲ ਰਕਮ ਦੇ ਫ਼ਿਕਸਡ ਡੀਪਾਜ਼ਿਟ ਦੇ ਸੂਦ ਤੋਂ ਹੈ । ਬੈਂਕ ਦੇ ਫਿਕਸ ਡਿਪਾਜ਼ਿਟ ਤੋਂ ਬਿਨਾ ਸਾਲ ੧੯੯੦-੯੧ ਵਿੱਚ ੬੦,੦੦੦ ਰੁਪੈ ਦੇ ਕਿਸਾਨ ਵਿਕਾਸ ਪੱਤਰ ਅਤੇ ੧੯੯੧-੯੨ ਵਿੱਚ ੪੦,੦੦੦ ਰੁਪੈ ਦੇਇੰਦਰਾ ਵਿਕਾਸ ਪੱਤਰ ਵੀ ਲਏ ਗਏ । ਇਨਾਂ ਡੀਪਾਜ਼ਿਟਸ ਦੇ ਸੂਦ ਨਾਲ ਲਾਈਫ ਮੈਂਬਰਜ਼ ਦੇ ਪਰਚੇ ਭੇਜੇ ਜਾਂਦੇ ਹਨ ।

### ਚੱਲ ਅਤੇ ਅਚੱਲ ਜਾਇਦਾਦ

੬) ਸਾਲ ੧੯੯੦-੯੧ ਵਿੱਚ ਸੂਰਾ ਦਫ਼ਤਰ ਲਈ ਬਿਲਡਿੰਗ ਤੇ ੧,੯੦,੭੪੦-੦੪ ਖਰਚ ਕੀਤੇ ਗਏ ਸਨ ਜਿਸ ਵਿਚ ਰਜਿਸਟਰੀ ਕਰਨ ਤੋਂ ਇਲਾਵਾ ਇਮਪਰੂਵਮੈਂਟ ਟਰਸਟ ਦੀਆਂ ਸਾਲਾਨਾ ਕਿਸ਼ਤਾਂ ਤੇ ਹੋਰ ਬਨਵਾਈ ਦੀ ਲਾਗਤ ਸ਼ਾਮਲ ਹੈ । ਇਸ ਵਿੱਚ ਬਹੁਤਾ ਧਨ ਬਾਹਰਲੇ ਦੇਸ਼ਾ ਤੋਂ ਆਇਆ ਹੈ ਜੋ ਕਿ ੧,੮੧,੦੦੦/- ਜੋ ਸਹਾਇਤਾ ਦੇ ਰੂਪ ਵਿਚ ਹੈ ।

੭) ਇਨ੍ਹਾਂ ਸਾਲਾਂ ਵਿਚ ਕੁਛ ਫਰਨੀਚਰ ਤੇ ਖਰਚ ਕੀਤਾ ਗਿਆ ਹੈ ਜਿਸ ਤੇ Depreciation ਲਗਾ ਦਿਤੀ ਗਈ ਹੈ ।

੮) ਸੂਰਾ ਦੇ ਨਾਂ ਤੇ ਵਿਦੇਸ਼ਾਂ ਤੋਂ ਬਹੁਤ ਸਹਾਇਤਾ ਆਂਦੀ ਹੈ ਪਰ ਉਸ ਦੇ ਨਾਲ ਚੰਦੇ ਤੋਂ ਬਿਨਾ ਅਖੰਡ ਕੀਰਤਨੀ ਜੱਥੇ ਲਈ ਸ਼ਹੀਦੀ ਫੰਡ ਲਈ, ਸ਼ਹੀਦੀ ਬਿਲਡਿੰਗ ਫੰਡ ਸ਼ਾਮਲ ਹੁੰਦੇ ਹਨ । ਇਹੋ ਜੇਹੀਆ ਰਕਮਾਂ ਨਿਜੀ ਖਾਤਿਆ ਵਿੱਚ ਅਮਾਨਤ ਰਖ ਕੇ payment ਕੀਤੀ ਜਾਂਦੀ ਹੈ ਤੇ ਇਹ Balance Sheet ਵਿੱਚ ਲੈਣਦਾਰੀਆਂ, ਦੇਣਦਾਰੀਆਂ ਵਿੱਚ ਬਕਾਇਆ ਕੇਵਲ ਆਂਦੀਆ ਹਨ ।

੯) ਸਾਧਾਰਨ ਗਲਤੀਆਂ ਬਾਰੇ ਇਕ ਵੱਖਰਾ ਨੋਟ ਦਿਤਾ ਗਿਆ ਹੈ ।

ਬਲਵੰਤ ਸਿੰਘ P.S.A.S.
ਸੀਨੀਅਰ ਅਕਾਊਂਟਸ ਆਫੀਸਰ (ਰੀ:)
੯੬-ਦੇਸੀ ਮਹਿਮਾਨਦਾਰੀ, ਪਟਿਆਲਾ ।

INCOME AND EXPENDITURE ACCOUNT FOR THE YEAR ENDING 31.3.91

| Expenditure (ਖਰਚ) | | Income (ਆਮਦਨ) | |
|---|---|---|---|
| ਕਾਗਜ-ਪਿਛਲੀ ਬਾਕੀ | ੮੧੭੫-੦੭ | ਚੰਦੇ ਤੇ ਫੁਟਕਲ ਪਰਚੇ ਸੇਲ | ੮੮੭੭੨-੦੦ |
| ਖਰੀਦ | ੭੫੪੭੫-੬੦ | ਵਿਕਰੀ ਟ੍ਰੈਕਟ | ੨੪੮੪੧-੦੦ |
| | ੮੩੬੫੦-੬੭ | ਸਹਾਇਤਾ | ੩੭੬੬੮-੫੪ |
| ਬਾਕੀ ਕਾਗਜ਼ | ੧੦੪੩੯-੭੭ | ਵਿਆਜ | ੫੧੮੩੫-੭੩ |
| ਲਾਗਤ ਕਾਗਜ਼ | ੭੩੨੧੦-੯੦ | ਸਟਾਕ ਟ੍ਰੈਕਟ ਬਾਕੀ | ੫੦੮੯੦-੩੫ |
| ਮੁਢਲਾ ਸਟਾਕ | ੨੬੮੭੬-੮੮ | | |
| ਛਪਾਈ ਤੇ ਬਾਈਡਿੰਗ ਸੂਰਾ | ੩੬੧੯੩-੫੫ | | |
| ਡਾਕ ਖਰਚ | ੫੯੨੩੭-੦੫ | | |
| ਪੈਕਿੰਗ | ੫੦੫੩-੯੪ | | |
| ਫੁਟਕਲ ਖਰਚ ਸਟੇਸ਼ਨਰੀ ਆਵਾਜਾਈ ਆਦਿ | ੫੬੭੪-੯੫ | | |
| ਫਰਨੀਚਰ ਡੇਪ੍ਰੀਸ਼ੇਸ਼ਨ | ੧੧੦੩-੮੧ | | |
| ਟ੍ਰੈਕਟ ਛਪਾਈ ਬਾਈਡਿੰਗ ਆਦਿ | ੪੦੯੨੧-੯੧ | | |
| ਤਨਖਾਹ | ੧੫੨੦੦-੦੦ | | ੨੫੪੦੦੭-੬੨ |
| | | ਆਮਦਨ ਨਾਲੋਂ ਖਰਚ ਦਾ ਵਾਧਾ | ੯੪੬੫-੩੭ |
| | ੨੬੩੪੭੨-੯੯ | | ੨੬੩੪੭੨-੯੯ |



www.AKJ.Org

## BALANCE SHEET OF MONTHLY 'SURA' " FOR THE YEAR 1990-91

| Capital & Liabilities | | Assets | |
|---|---|---|---|
| **General Reserve** | | **Property & Assets** | |
| Opening Balance | ੯੦੧੯੨-੭੬ | ਸੂਰਾ ਦਫਤਰ ਬਿਲਡਿੰਗ | ੧੯੦੭੪੦-੦੪ |
| Add. Capital Receipts | ੧੮੧੦੦੦-੦੦ | ਫਰਨੀਚਰ A/C ੧੧੦੩੮-੧੦ | |
| | ੨੭੧੧੯੨-੭੬ | ਡੇਪਰੀਸ਼ੇਸ਼ਨ ੧੧੦੩-੮੧ | ੯੯੩੪-੨੯ |
| ਆਮਦਨ ਨਾਲੋਂ ਖਰਚ ਦਾ ਵਾਧਾ | ੯੪੬੫-੩੭ | **IN VESTMENT** | |
| | ੨੬੧, ੭੨੭-੩੯ | ਅਮਾਨਤੀ ਲਾ. ਮੈ. ਐਫ. ਡੀਆ | ੪੩੬੯੦੦-੦੦ |
| ਅਮਾਨਤੀ ਲਾਈਫ | | ਕਿਸਾਨ ਵਿਕਾਸ ਪੱਤਰ | ੬੦੦੦੦-੦੦ |
| ਮੈਂਬਰ ਲਈ ਆਈਆਂ ਰਕਮਾਂ | ੫੬੨੨੦੬-੨੪ | ਟੈਲੀਫੂਨ ਸਕਿਓਰੀਟੀ | ੧੦੦੦-੦੦ |
| ਨਿਜੀ ਖਾਤੇ (ਦੇਣਦਾਰੀਆਂ) | ੧੭੯੮੨੯-੪੭ | **CURRENT ASSESTS** | |
| | | ਪੰਜਾਬ ਐਂਡ ਸਿੰਧ ਬੈਂਕ S/A | ੧੯੮੧੨੨-੬੯ |
| | | ਹੱਥ ਰੋਕੜ | ੩੬੮੫੮-੪੧ |
| | | **CLOSING STOCK** | |
| | | ਟ੍ਰੈਕਟ | ੫੦੮੯੦-੩੫ |
| | | ਕਾਗਜ | ੧੦੪੩੯-੭੭ |
| | | ਨਿੱਜੀ ਖਾਤੇ (ਲੈਣਦਾਰੀਆਂ) | ੮੮੭੭-੫੫ |
| | ੧੦੦੩੭੬੩-੧੦ | | ੧੦੦੩੭੬੩-੧੦ |

| | | | | |
|---|---|---|---|---|
| ਗੁਰਬਚਨ ਸਿੰਘ | ਦਵਿੰਦਰ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
| ਕੈਸ਼ੀਅਰ | ਅਕਾਊਂਟੈਂਟ | ਮੈਨੇਜਰ | ਸੀਨੀਅਰ ਅਕਾਊਂਟਸ ਅਫਸਰ (ਰੀ:) ਆਡੀਟਰ | ਜਥੇਦਾਰ |

## INCOME AND EXPENDITURE ACCOUNT FOR THE YEAR ENDING 31.3.92

| Expenditure (ਖਰਚ) | | Income (ਆਮਦਨ) | |
|---|---|---|---|
| ਕਾਗਜ਼ ਪਿਛਲੀ ਬਾਕੀ | ੧੦੪੩੯-੭੭ | ਚੰਦੇ ਤੇ ਫੁਟਕਲ ਪਰਚੇ ਸੇਲ | ੧੧੦੬੬੬-੮੦ |
| ਨਵੀਂ ਖਰੀਦ | ੮੦੮੨੧-੫੦ | ਵਿਕਰੀ ਟ੍ਰੈਕਟ | ੨੨੦੦੬-੭੫ |
| | ੯੧੨੬੧-੨੭ | ਸਹਾਇਤਾ | ੯੬੯੪੨-੦੦ |
| ਬਾਕੀ ਕਾਗਜ਼ | ੧੮੭੩੦-੯੫ | ਵਿਆਜ | ੨੫੬੮੦-੭੬ |
| | ੭੨੫੩੦-੩੨ | | |
| ਮੁਢਲਾ ਸਟਾਕ | ੫੦੮੯੦-੩੫ | ਸਟਾਕ ਟ੍ਰੈਕਟ ੩੧.੩.੯੨ | ੫੪੨੮੮-੨੮ |
| ਛਪਾਈ ਤੇ ਬਾਈਡਿੰਗ ਸੂਰਾ | ੪੧੨੧੨-੬੦ | | |
| ਡਾਕ ਖਰਚ | ੬੫੪੩੧-੬੦ | | |
| ਪੈਕਿੰਗ | ੪੭੭੦-੦੦ | | |
| ਫੁਟਕਲ ਸਟੇਸ਼ਨਰੀ, ਆਵਾਜਾਈ ਆਦਿ | ੪੦੫੧-੪੫ | | |
| ਫਰਨੀਚਰ ਡੇਪਰੀਸ਼ੇਸ਼ਨ | ੧੦੭੧-੧੨ | | |
| ਟ੍ਰੈਕਟ ਛਪਾਈ ਬਾਈਡਿੰਗ ਆਦਿ | ੨੩੯੯੨-੯੬ | | |
| ਤਨਖਾਹ | ੧੧੪੩੦-੦੦ | | |
| | ੨੭੫੩੮੦-੪੦ | | |
| ਖਰਚ ਤੋਂ ਆਮਦਨ ਦਾ ਵਾਧਾ | ੩੪੨੦੪-੧੯ | | |
| | ੩੦੯੫੮੪-੫੯ | | ੩੦੯੫੮੪-੫੯ |



www.AKJ.Org

## BALANCE SHEET OF MONTHLY 'SURA' " FOR THE YEAR 1991-92

| Capital & Liabilities | | | Assets | | |
|---|---|---|---|---|---|
| General Reserve | | | Property & Assets | | |
| ਪਿਛਲਾ ਬੈਲੰਸ | ੨੬੧੭੨੭-੩੯ | | ਸੂਰਾ ਦਫਤਰ ਬਿਲਡਿੰਗ | ੧੯੦੭੪੦-੦੪ | |
| | | | ਕਿਸ਼ਤ ਪਲਾਟ | ੧੯੮੦੪-੧੫ | ੨੧੦੫੪੪-੧੯ |
| | | | ਫ਼ਰਨੀਚਰ A/C | ੧੦੭੧੧-੨੬ | |
| | | | ਡੇਪਰੀਸ਼ੇਸ਼ਨ | ੧੦੭੧-੧੨ | ੯੬੪੦-੧੪ |
| ਖਰਚ ਨਾਲੋਂ ਆਮਦਨ ਦਾ ਦਾ ਵਾਧਾ | ੩੪੨੦੪-੧੯ | ੨੯੫੯੩੧-੫੮ | | | |
| | | | INVESTMENT | | |
| ਅਮਾਨਤੀ ਲਾਇਫ਼ ਮੈਂਬਰਾਂ ਲਈ ਆਈਆਂ ਰਕਮਾਂ | | ੭੯੨੧੯੪-੨੪ | ਅਮਾਨਤੀ ਲਾ. ਮੈ. ਐਫ. ਡੀਆ | | ੫੧੬੯੦੦-੦੦ |
| | | | ਕਿਸਾਨ ਵਿਕਾਸ ਪੱਤਰ | | ੬੦੦੦੦-੦੦ |
| ਨਿਜੀ ਖਾਤੇ (ਦੇਣਦਾਰੀਆਂ) | | ੧੨੦੬੨੩-੯੦ | ਇੰਦਰਾ ਵਿਕਾਸ ਪੱਤਰ | | ੪੦੦੦੦-੦੦ |
| | | | ਟੈਲੀਫੂਨ ਸਕਿਓਰੀਟੀ | | ੧੦੦੦-੦੦ |
| | | | CURRENT ASSESTS | | |
| | | | ਪੰਜਾਬ ਐਂਡ ਸਿੰਧ ਬੈਂਕ | | ੨੩੦੩੦੧-੬੭ |
| | | | ਹੱਥ ਰੋਕੜ | | ੩੬੩੫੨-੦੬ |
| | | | ਨਿੱਜੀ ਖਾਤੇ (ਲੈਣਦਾਰੀਆਂ) | | ੩੦੯੯੨-੪੩ |
| | | | CLOSING STOCK | | |
| | | | ਬਕਾਇਆ ਕਾਗਜ | | ੧੮੭੩੦-੯੫ |
| | | | ਬਕਾਇਆ ਟ੍ਰੈਕਟ | | ੫੪੨੮੮-੨੮ |
| | | ੧੨੦੮੭੪੯-੭੨ | | | ੧੨੦੮੭੪੯-੭੨ |

| ਗੁਰਬਚਨ ਸਿੰਘ | ਦਵਿੰਦਰ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
|---|---|---|---|---|
| ਕੈਸ਼ੀਅਰ | ਅਕਾਊਂਟੈਂਟ | ਮੈਨੇਜਰ | ਸੀਨੀਅਰ ਅਕਾਊਂਟਸ ਅਫਸਰ (ਰੀ:) ਆਡੀਟਰ | ਜਥੇਦਾਰ |

## INCOME AND EXPENDITURE ACCOUNT FOR THE YEAR ENDING 31.3.93

| Expenditure (ਖਰਚ) | | Income (ਆਮਦਨ) | |
|---|---|---|---|
| ਕਾਗਜ਼ ਪਿਛਲੀ ਬਾਕੀ | ੧੮੭੩੦-੯੫ | ਚੰਦੇ ਤੇ ਫੁਟਕਲ ਪਰਚੇ ਸੇਲ | ੧੫੧੫੪੩-੪੦ |
| ਨਵੀਂ ਖਰੀਦ | ੭੮੫੫੬-੮੦ | ਵਿਕਰੀ ਟ੍ਰੈਕਟ | ੨੩੯੬੧-੫੫ |
| | ੯੭੨੮੭-੭੫ | ਸਹਾਇਤਾ | ੬੦੬੬੮-੨੦ |
| ਬਾਕੀ ਕਾਗਜ਼ | ੧੨੨੩੨-੮੬ | ਵਿਆਜ | ੧੧੦੯੬-੫੯ |
| ਲਾਗਤ ਕਾਗਜ ਸੂਰਾ ਤੇ ਟ੍ਰੈਕਟ | ੮੫੦੫੪-੮੯ | | |
| ਮੁਢਲਾ ਸਟਾਕ | ੫੪੨੮੮-੨੮ | ਸਟਾਕ ਟ੍ਰੈਕਟ ੩੧.੩.੯੩ | ੪੭੯੫੯-੮੦ |
| ਛਪਾਈ ਤੇ ਬਾਈਡਿੰਗ ਸੂਰਾ | ੫੧੯੮੩-੬੦ | | |
| ਡਾਕ ਖਰਚ | ੯੬੨੦੭-੦੪ | | |
| ਪੈਕਿੰਗ | ੨੧੬੦-੦੦ | | |
| ਫੁਟਕਲ ਸਟੇਸ਼ਨਰੀ, ਆਵਾਜਾਈ ਆਦਿ | ੪੨੮੦-੭੫ | | |
| ਫ਼ਰਨੀਚਰ ਡੇਪਰੀਸ਼ੇਸ਼ਨ | ੧੫੦੦-੪੧ | | |
| ਟ੍ਰੈਕਟ ਛਪਾਈ, ਬਾਈਡਿੰਗ ਆਦਿ | ੧੬੨੪੪-੦੫ | | ੨੯੫੨੨੯-੫੪ |
| ਤਨਖਾਹ | ੧੪੪੦੦-੦੦ | | |
| | | ਆਮਦਨ ਤੋਂ ਖਰਚ ਦਾ ਵਾਧਾ | ੩੦੮੮੯-੪੮ |
| | ੩੨੬੧੧੯-੦੨ | | ੩੨੬੧੧੯-੦੨ |

www.AKJ.Org

## BALANCE SHEET OF MONTHLY 'SURA' " FOR THE YEAR 1992-93

| **Capital & Liabilities** | | | **Assets** | | |
|---|---|---|---|---|---|
| General Reserve | | | Property & Assets | | |
| ਪਿਛਲਾ ਬੈਲੰਸ | ੨੯੫੮੩੧-੫੮ | | ਸੂਰਾ ਦਫਤਰ ਬਿਲਡਿੰਗ | ੨੧੦੫੪੪-੧੯ | |
| ਸਾਲ ਦਾ ਘਾਟਾ | ੩੦੮੮੯-੪੮ | ੨੬੫੦੪੨-੧੦ | ਕੰਧਾ ਦਾ ਆਇਆ | ੧੨੫੦-੦੦ | ੨੦੯੨੯੪-੧੯ |
| | | | ਫਰਨੀਚਰ ਪੁਰਾਣਾ | ੮੬੪੦-੧੪ | |
| | | | ਨਵੇਂ ਰੈਕ ਆਦਿ | ੫੩੬੪-੦੦ | |
| | | | | ੧੪੦੦੪-੧੪ | |
| ਅਮਾਨਤੀ ਲਾਇਫ਼ ਮੈਂਬਰਾਂ ਲਈ | | | ਡੈਪਰੀਸ਼ੇਸ਼ਨ | ੧੫੦੦-੪੧ | ੧੩੫੦੩-੭੩ |
| ਆਈਆਂ ਰਕਮਾਂ | | ੯੭੩੪੧੨-੨੪ | INVESTMENT | | |
| ਨਿਜੀ ਖਾਤੇ (ਦੇਣਦਾਰੀਆਂ) | | ੭੫੦੫੮-੪੭ | ਅਮਾਨਤੀ ਲਾ. ਮੈ. ਐਫ. ਡੀਆ | | ੮੨੯੧੫੦-੦੦ |
| | | | ਕਿਸਾਨ ਵਿਕਾਸ ਪੱਤਰ | | ੬੦,੦੦੦-੦੦ |
| | | | ਇੰਦਰਾ ਵਿਕਾਸ ਪੱਤਰ | | ੪੦,੦੦੦-੦੦ |
| | | | ਟੈਲੀਫੂਨ ਸਕਿਓਰੀਟੀ | | ੧੦੦੦-੦੦ |
| | | | CURRENT ASSESTS | | |
| | | | ਪੰਜਾਬ ਐਂਡ ਸਿੰਧ ਬੈਂਕ | | ੭੫੨੬੫-੪੮ |
| | | | ਹੱਥ ਰੋਕੜ | | ੧੨੫੫੬-੭੫ |
| | | | ਨਿਜੀ ਖਾਤੇ (ਲੈਣਦਾਰੀਆ) | | ੧੨੫੫੦-੦੦ |
| | | | CLOSING STOCK | | |
| | | | ਬਕਾਇਆ ਕਾਗਜ | | ੧੨੨੩੨-੮੬ |
| | | | ਬਕਾਇਆ ਟ੍ਰੈਕਟ | | ੪੭੯੫੯-੮੦ |
| | | ੧੩੧੩੫੧੨-੮੧ | | | ੧੩੧੩੫੧੨-੮੧ |

| ਗੁਰਬਚਨ ਸਿੰਘ | ਦਵਿੰਦਰ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
|---|---|---|---|---|
| ਕੈਸ਼ੀਅਰ | ਅਕਾਊਂਟੈਂਟ | ਮੈਨੇਜਰ | ਸੀਨੀਅਰ ਅਕਾਊਂਟਸ ਅਫਸਰ (ਰੀ:) ਆਡੀਟਰ | ਜਥੇਦਾਰ |

# ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘੱਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਪ੍ਰੀਖਿਆ ਦੇ ਸਕਦੇ ਹਨ । ਪ੍ਰੀਖਿਆ ਦੇਣ ਵਾਲਾ 'ਲੜੀਵਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ' ਤੋਂ ੩੦ ਪੰਨੇ ਫੀ ਘੰਟਾ ਪਾਠ ਕਰਨ ਦੀ ਯੋਗਤਾ ਰੱਖਦਾ ਹੋਵੇ, ਪਰ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ । ਸਫਲਤਾ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ ।

ਪ੍ਰੀਖਿਆ ਆਉਂਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦੇ ਲੁਧਿਆਣਾ ਵਿਖੇ ਹੋਣ ਵਾਲੇ ਸਮਾਗਮ ਸਮੇਂ ਹੋਵੇਗੀ । ਲੋੜੀਦੇ ਫਾਰਮ 'ਸੱਕਤਰ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ', ੨੩-ਜੀ ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ ਠੀਕ ਢੰਗ ਨਾਲ ਭਰ ਕੇ, ਲੁਧਿਆਣੇ ਦੇ ਉਪਰਲੇ ਪਤੇ ਤੇ ਹੀ ੩੧ ਦਸੰਬਰ ੧੯੯੪ ਤਕ ਪਹੁੰਚਾ ਦਿਤੇ ਜਾਣ ।

ਦਾਸ : ਸੱਕਤਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ

# ਬਿਨਾ ਮੋਖ ਪੁਸਤਕਾਂ

ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੇਠ ਲਿਖੀਆਂ ਪੁਸਤਕਾਂ ਬਿਨਾਂ ਮੋਖ ਸਾਥੋਂ ਮੰਗਵਾ ਕੇ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਉ । ਡਾਕ ਖਰਚ ਪਹਿਲਾਂ ਭੇਜ ਦੇਵੋ । ਪੁਸਤਕਾਂ ਮੰਗਵਾਉਣ ਲਈ ਅਤੇ ਗੁਰਮਤਿ ਪ੍ਰਚਾਰ ਲਈ ਤਿਲ ਫੁੱਲ ਭੇਟਾ ਭੇਜਣ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ।

1. SACRED NITNEM
2. HAIR
3. BRIEF ACCOUNT OF THE SIKHS BY Dr. GANDA SINGH

**ਦਾਸ : ਮਦਨ ਸਿੰਘ** (Chief Convenor) Tel : 021-3567070
**AKHAND KIRTANI JATHA (U.K.) Regd.**
11, APOLLO WAY, PERRY BARR, BIRMINGHAM-20 3ND


www.AKJ.Org

# ਨਿੱਤਨੇਮ

ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਨਿੱਤਨੇਮ ਦੀਆਂ ਬਾਣੀਆਂ ਦੀ ਰਹੁਰੀਤੀ ਅਤੇ ਅਕਾਰ ਅੱਜ ਨਾਲੋਂ ਵਿਭਿੰਨ ਸੀ । ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਕਰਤਾਰਪੁਰ ਵਿੱਚ ਪ੍ਰਚਲਤ ਨਿੱਤਨੇਮ ਇਉਂ ਵਰਨਣ ਕੀਤਾ ਹੈ :

**ਫਿਰ ਬਾਬਾ ਆਇਆ ਕਰਤਾਪਰਪੁਰਿ, ਭੇਖ ਉਦਾਸੀ ਸਗਲ ਉਤਾਰਾ ।।**
**ਸੋ ਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ ।।**

ਉਸ ਸਮੇਂ ਅੰਮ੍ਰਿਤ ਵੇਲੇ ਦੀ ਕੇਵਲ ਇੱਕ ਬਾਣੀ ਜਪੁਜੀ ਸਾਹਿਬ, ਸੰਝ ਸਮੇਂ ਦੀ ਬਾਣੀ ਦਾ 'ਸੋ ਦਰੁ' ਵਾਲਾ ਇੱਕ ਸ਼ਬਦ ਅਤੇ ਰਾਤ ਸਮੇਂ ਦੀ ਬਾਣੀ 'ਆਰਤੀ' ਦਾ ਇੱਕ ਸ਼ਬਦ 'ਗਗਨ ਮੈ ਥਾਲ' ਵਾਲਾ ਸੀ । ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਮਹਾਰਾਜ ਤਕ ਇਹੋ ਨਿੱਤਨੇਮ ਕਾਇਮ ਰਿਹਾ । ਹੋ ਸਕਦਾ ਹੈ ਕਿ ਗੁਰੂ ਰਾਮਦਾਸ ਜੀ ਮਹਾਰਾਜ ਵੇਲੇ ਵੀ ਨਿੱਤਨੇਮ ਦੀਆਂ ਇਹੋ ਬਾਣੀਆਂ ਹੀ ਪੜ੍ਹੀਆਂ ਜਾਂਦੀਆਂ ਹੋਣ, ਪਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿੱਤਨੇਮ ਦੀ ਰੂਪ ਰੇਖਾ ਵਿੱਚ ਕੁਝ ਵਾਧਾ ਕੀਤਾ ਜਿਸ ਦਾ ਮੂਲ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭਕ ਪੰਨਿਆਂ ਵਿੱਚ ਵਿਦਮਾਨ ਹੈ । ਇਸ ਨਿੱਤਨੇਮ ਦੀ ਮਰਯਾਦਾ ਗੁਰੂ ਤੇਗ ਬਹਾਦਰ ਜੀ ਮਹਾਰਾਜ ਤਕ ਚਲਦੀ ਰਹੀ । ਜਦੋਂ ਦਸ਼ਮੇਸ਼ ਪਿਤਾ ਜੀ ਨੇ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਖਾਲਸਾ ਪੰਥ ਦੀ ਸਿਰਜਨਾ ਕੀਤੀ ਤਾਂ ਸੰਤ ਸਿਪਾਹੀ ਵਾਲੇ ਗੁਣ ਖਾਲਸੇ ਨੂੰ ਪ੍ਰਦਾਨ ਕੀਤੇ। ਭਾਵ ਸ਼ਾਂਸ ਰਸ ਨਾਲ ਧੀਰ ਰਸੀ ਬਾਣੀ ਜੋੜ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿੱਤਾ । ਖ਼ਾਲਸੇ ਨੂੰ ਰਾਜ ਜੋਗੀ ਬਣਾ ਦਿੱਤਾ । ਸੋ ਸਭ ਤੋਂ ਵੱਡਾ ਨੇਮ ਹੈ ਅੰਮ੍ਰਿਤ ਛਕਣਾ। ਇਸ ਤੋਂ ਪਿਛੋਂ ਅੰਮ੍ਰਿਤ ਜੀਵਨ ਦੀ ਉਸਾਰੀ ਦਾ ਆਰੰਭ ਹੁੰਦਾ ਹੈ । ਸੱਚਾ ਜੀਵਨ ਘੜਨ ਦੀ ਜਾਚ ਪੰਜਾਂ ਬਾਣੀਆਂ ਵਿਚ ਅੰਕਿਤ ਹੈ । ਪੰਜਾਂ ਬਾਣੀਆਂ ਦਾ ਨਿੱਤਨੇਮ ਕਰਨਾ ਮਾਨੋ ਹਰ ਰੋਜ਼ ਅੰਮ੍ਰਿਤ ਛਕਣਾ ਹੈ।

ਨਿੱਤਨੇਮ ਪ੍ਰਭੂ ਪ੍ਰੇਮ ਪੈਦਾ ਕਰਨ ਲਈ ਹੈ । ਜਿਸ ਜਗਿਆਸੂ ਦੇ ਹਿਰਦੇ ਵਿੱਚ ਪ੍ਰਮਾਤਮਾ ਲਈ ਪ੍ਰੇਮ ਉਤਪੰਨ ਨਹੀਂ ਹੋਇਆ ਉਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਸ ਦੇ 'ਨਿੱਤਨੇਮ' ਵਿਚ ਅਜੇ ਕੋਈ ਘਾਟ ਹੈ। ਜਿਉਂ-ਜਿਉਂ ਨਿੱਤਨੇਮ ਵਿੱਚ ਪ੍ਰਪੱਕਤਾ ਵਧਦੀ ਹੈ ਤਿਉਂ-ਤਿਉਂ ਪ੍ਰੇਮ ਵਿੱਚ ਵਾਧਾ ਹੁੰਦਾ ਜਾਂਦਾ ਹੈ । ਇਥੋਂ ਤੱਕ ਕਿ ਜਗਿਆਸੂ ਇਸ ਅਵਸਥਾ ਤੇ ਅੱਪੜ ਜਾਂਦਾ ਹੈ ਜਿਸ ਦਾ ਵਰਨਣ ਗੁਰਬਾਣੀ ਵਿਚ ਇਉਂ ਕੀਤਾ ਗਿਆ ਹੈ :

**ਮੈ ਸਤਿਗੁਰੁ ਸੇਤੀ ਪਿਰਹੜੀ, ਕਿਉ ਗੁਰ ਬਿਨੁ ਜੀਵਾ ਮਾਉ ।।**
**ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ ।। (ਪੰਨਾ-੭੫੯)**

ਗੁਰਸਿੱਖ ਲਈ ਬਾਣੀ ਦਾ ਪਾਠ ਕਰਨ ਦਾ ਅਸਲ ਵੇਲਾ 'ਅੰਮ੍ਰਿਤ ਵੇਲਾ' ਹੀ ਹੈ ਕਿਉਂਕਿ 'ਅੰਮ੍ਰਿਤ ਵੇਲੇ' ਮਨ-ਬ੍ਰਿਤੀ ਦਾ ਟਿਕਾਉ ਹੁੰਦਾ ਹੈ । ਪਹੁ ਫੁਟਾਲੇ ਤੋਂ ਪਹਿਲਾਂ ਮਨ ਦੇ ਫੁਰਨੇ (ਸੰਕਲਪ ਵਿਕਲਪ) ਆਦਿ ਬਹੁਤ ਘੱਟ ਹੁੰਦੇ ਹਨ । ਸੂਰਜ ਦੀ ਟਿੱਕੀ ਨਿਕਲਣ ਸਾਰ ਦੁਨਿਆਵੀ ਧੰਦਿਆਂ ਦੇ ਤਰੰਗ ਅਤੇ ਕਈ ਤਰ੍ਹਾਂ ਦੀਆਂ ਲਹਿਰਾਂ ਉਠਣੀਆਂ ਆਰੰਭ ਹੋ ਜਾਂਦੀਆਂ ਹਨ । ਸੋ ਦਿਨ ਚੜ੍ਹੇ ਬਾਣੀ ਦਾ ਪਾਠ ਕਰਨ ਵੇਲੇ ਮਨ ਉਤਨਾ ਇਕਾਗਰ ਨਹੀਂ ਹੋ ਸਕਦਾ ਜਿਤਨਾ 'ਅੰਮ੍ਰਿਤ ਵੇਲੇ' ਸੁਖਾਲੇ ਹੀ ਹੋ ਸਕਦਾ ਹੈ ।

(ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ)

# ਖੁਸ਼ਬੂਦਾਰ ਤੇਲ ਦਾ ਛਿੜਕਾਅ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਖੁਸ਼ਬੂਦਾਰ ਤੇਲ ਦਾ ਛਿੜਕਾਅ ਰੁਮਾਲਿਆਂ ਵਿਚੋਂ ਰਿਸ ਕੇ ਪੱਤਰਿਆਂ ਨੂੰ ਖਿੰਦਾ ਕਰ ਦਿੰਦਾ ਹੈ ਜਿਸ ਕਾਰਨ ਪੱਤਰੇ ਮੈਲੇ ਹੋ ਜਾਂਦੇ ਹਨ । ਅਜੇਹੇ ਸਪਰੇਅ (Spray) ਤੋਂ ਗੁਰੇਜ਼ ਕਰਨਾ ਹੀ ਠੀਕ ਹੈ ।

# ਰਿਸ਼ਤੇ-ਨਾਤੇ

**ਨੋਟ**: ੧. ਕੇਵਲ ਸ਼ਾਕਾਹਾਰੀ ਗੁਰਸਿੱਖ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ । ੨. ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ ।
੩. ਆਪਣੀ ਅਰਜ਼ੀ ਛਪਵਾਉਣ ਲਈ ਆਪਣੇ ਅਤੇ ਪ੍ਰੀਵਾਰ ਬਾਰੇ ਪੂਰਾ ਵੇਰਵਾ ਸਾਫ ਸਪਸ਼ਟ ਲਿਖ ਕੇ ਸੂਰਾ ਦਫਤਰ ਭੇਜੋ ਜੀ ।
੪. ਅਰਜ਼ੀ ਦੇ ਜਵਾਬੀ ਖਤ ਦੇ ਬਾਹਰ 'Matrimonial Form No . . . . ਲਿਖ ਕੇ 'ਸੂਰਾ' ਦਾ ਪਤਾ ਲਿਖੋ ਜੀ । ਇਕ ਖਾਲੀ Envelop ਅਗੋਂ ਭੇਜਣ ਲਈ ਨਾਲ ਭੇਜੋ ਜੀ ।

Form LD/8 : 23 ਸਾਲਾ ਸਿੰਘ, ਕੱਦ 5'8" B. Sc. (Agri) ਪ੍ਰਾਈਵੇਟ ਸਰਵਿਸ 3500/- ਪ੍ਰਤੀ ਮਹੀਨਾ ਆਮਦਨ ਵਾਲੇ ਲਈ ਯੋਗ ਬੀਬੀ ਦੀ ਲੋੜ ਹੈ ।

Form LD/9 28 ਸਾਲਾ ਸਿੰਘ, ਕਦ 5' 8", ਰੇਲਵੇ ਵਿੱਚ ਸਰਕਾਰੀ ਨੌਕਰੀ 2600/- ਪ੍ਰਤੀ ਮਹੀਨਾ ਆਮਦਨ ਵਾਲੇ ਲਈ ਯੋਗ ਬੀਬੀ ਦੀ ਲੋੜ ਹੈ ।

Form LD/10 35 ਸਾਲਾ ਸਿੰਘ (Unmarried) ਕੱਦ 5' 4", ਸੀਨੀਅਰ ਸੈਕੰਡਰੀ ਪਾਸ, ਗਰੰਥੀ ਸਿੰਘ ਦੀ ਨੌਕਰੀ ਮਾਸਿਕ ਆਮਦਨ 1500 ਤੋਂ 2000 ਵਾਲੇ ਲਈ ਯੋਗ ਬੀਬੀ ਦੀ ਲੋੜ ਹੈ ।

Form LD/11 25 ਸਾਲਾ ਸਿੰਘ, ਕੱਦ 5'9" B.A. ਪਾਸ ਨੇਵੀ (Navy) ਵਿੱਚ ਨੌਕਰੀ ਕਰ ਰਹੇ ਲਈ ਯੋਗ ਬੀਬੀ ਦੀ ਲੋੜ ਹੈ ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾ: ਪਰਮਿੰਦਰ ਸਿੰਘ, ਲੁਧਿਆਣਾ | ੫੦/- | ਬੀਬੀ ਗੁਰਚਰਨ ਕੌਰ, ਲੁਧਿਆਣਾ | ੧੦੦/- |
| ਭਾ: ਮਨਜੀਤ ਸਿੰਘ ਸਮਾਣਾ | ੫੦੦/- | ਭਾ: ਬਲਦੇਵ ਸਿੰਘ, ਗਵਾਲੀਅਰ | ੨੦/- |
| ਭਾ: ਚਰਨਜੀਤ ਸਿੰਘ ਜਲੰਧਰ (ਚੜ੍ਹਾਵਾ ਅਖੰਡ ਪਾਠ) | ੪੨੪/- | ਗੁਪਤ | ੧੦੦/- |
| ਭਾ: ਬਖਸ਼ੀਸ਼ ਸਿੰਘ ਰੁਦਰ, ਨੈਨੀਤਾਲ | ੨੦੦/- | ਭਾ: ਅਵਤਾਰ ਸਿੰਘ, ਫਰੀਦਕੋਟ | ੨੬੦/- |
| ਸ. ਅਵਤਾਰ ਸਿੰਘ, ਨਿਉ ਜਰਸੀ, ਅਮਰੀਕਾ | ੫੦੦੦/- | ਬੀਬੀ ਦਯਾ ਕੌਰ ਦਿੱਲੀ | ੧੦੦/- |
| ਭਾਈ ਸੁਖਦੇਵ ਸਿੰਘ ਮਸਕਟ | ੪੦੦/- | ਭਾਈ ਹਰਦੀਪ ਸਿੰਘ ਅੰਮ੍ਰਿਤਸਰ (ਚੜ੍ਹਾਵਾ ਅਖੰਡ ਪਾਠ) | ੨੯੪/੨੫ |

www.AKJ.Org

# ਸ੍ਰੀ ਦਸ਼ਮੇਸ਼ ਆਗਮਨ ਪੁਰਬ ਦਾ ਸਲਾਨਾ ਕੇਂਦਰੀ ਸਮਾਗਮ ਲੁਧਿਆਣਾ ਵਿਖੇ

ਗੁਰੂਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਗੁਰਪੁਰਬ ਸਬੰਧੀ ੩ ਜਨਵਰੀ ਸਵੇਰ ਤੋਂ ੮ ਜਨਵਰੀ ਸਵੇਰ ਤੱਕ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ :

| | | | |
|---|---|---|---|
| ੩-੧-੯੫ | ਮੰਗਲਵਾਰ | ਸਵੇਰੇ | ੪.੩੦ ਤੋਂ ੭ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ |
| ੫-੧-੯੫ | ਵੀਰਵਾਰ | ਸਵੇਰੇ | ੫ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ੧੨ ਵਜੇ ਤੱਕ |
| | | ਸ਼ਾਮ | ੫.੩੦ ਤੋਂ ੮.੩੦ ਸੋਦਰ ਦੀ ਚੌਂਕੀ ਤੇ ਕੀਰਤਨ। |
| ੬-੧-੯੫ | ਸ਼ੁਕਰਵਾਰ | ਸਵੇਰੇ | ੫ ਤੋਂ ਦੁਪਹਿਰ ੧ ਵਜੇ ਤੱਕ ਸ੍ਰੀ ਆਸਾ ਦੀ ਵਾਰ ਤੇ ਕੀਰਤਨ 'ਗੁਰਮਤਿ ਸੰਚਾਰ ਕੇਂਦਰ" (ਭਾਈ ਰਣਧੀਰ ਸਿੰਘ ਟ੍ਰਸਟ) ਨੇੜੇ C.F.C., ਐਫ ਬਲਾਕ, ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ। |
| | | ਸ਼ਾਮ | ੫.੩੦ ਤੋਂ ੮.੩੦ ਤੱਕ ਸੋਦਰ ਦੀ ਚੌਂਕੀ ਤੇ ਕੀਰਤਨ । |
| ੭-੧-੯੫ | ਸ਼ਨੀਵਾਰ | ਸਵੇਰੇ | ੪.੩੦ ਤੋਂ ਦੁਪਹਿਰ ੨ ਵਜੇ ਤੱਕ ਸ੍ਰੀ ਆਸਾ ਦੀ ਵਾਰ ਤੇ ਕੀਰਤਨ ਗੁਰਦੁਆਰਾ ਸਾਹਿਬ ਦੇ ਸਾਹਮਣੇ ਕਾਲਜ ਗਰਾਉਂਡ ਵਿਖੇ । |

**ਰੈਣਿ ਸਬਾਈ ਕੀਰਤਨ** : ਕਾਲਜ ਗਰਾਊਂਡ ਵਿੱਚ ੭-੧-੯੫ ਸ਼ਾਮ ੫.੩੦ ਵਜੇ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ ਅਰੰਭ ਹੋਣਗੇ ਜਿਸਦੀ ਸਮਾਪਤੀ ੮-੧-੯੫ ਸਵੇਰੇ ੬ .੩੦ ਵਜੇ ਹੋਵੇਗੀ ।

**ਅੰਮ੍ਰਿਤ ਸੰਚਾਰ** : ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਵਿਖੇ ੭-੧-੯੫ ਸ਼ਾਮ ੬ ਵਜੇ ਸ਼ੁਰੂ ਹੋਣਗੇ ।

**ਨੋਟ** : ੧. ਪਹਿਲੇ ਇਸ਼ਤਿਹਾਰਾਂ ਵਿੱਚ ਛਪਿਆ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ ਦਾ ਪ੍ਰੋਗਰਾਮ ਉਪਰੋਕਤ ਪ੍ਰੋਗਰਾਮ ਅਨੁਸਾਰ ਬਦਲ ਦਿੱਤਾ ਗਿਆ ਹੈ । ੨. ੬-੧-੯੫ ਦੇ ਪ੍ਰੋਗਰਾਮ ਵਾਸਤੇ ਸੰਗਤਾਂ ਨੂੰ ਲਿਜਾਣ ਲਈ ਗੁਰਦੁਆਰਾ ਸਿੰਘ ਸਭਾ ਤੋਂ ਗੱਡੀਆਂ ਚੱਲਣਗੀਆਂ। ੩. ਰਿਹਾਇਸ਼ ਅਤੇ ਲੰਗਰ ਦਾ ਸਾਰਾ ਪ੍ਰਬੰਧ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ ।

ਦਾਸਰੇ, ਅਖੰਡ ਕੀਰਤਨੀ ਜੱਥਾ, ਲੁਧਿਆਣਾ

## ਕਾਨਪੁਰ ਵਿਖੇ ਭਾਈ ਗੁਰਚਰਨਜੀਤ ਸਿੰਘ ਸ਼ਹੀਦ ਨਮਿਤ ਸਮਾਗਮ ੯ ਤੋਂ ੧੧ ਦਸੰਬਰ

੧੧-੧੨-੯੪ ਐਤਵਾਰ ਸੇਵੇਰੇ ਅਖੰਡ ਪਾਠ ਦੀ ਸਮਾਪਤੀ ਉਪਰੰਤ ੬ ਵਜੇ ਤੋਂ ਦੁਪਹਿਰ ਤੱਕ ਅਖੰਡ ਕੀਰਤਨ, ਸ਼ਹੀਦ ਦੇ ਨਿਵਾਸ-ਸਥਾਨ ੨੦੧- ਸ਼ੰਕਰ ਨਗਰ (H.A.L. ਟਾਊਨ ਸ਼ਿਪ ਦੇ ਸਾਹਮਣੇ ) ਨਜ਼ਦੀਕ ਜੀ. ਟੀ. ਰੋਡ, ਰਾਮਾ ਦੇਵੀ ਚੌਂਕ, ਕਾਨਪੁਰ ਵਿਖੇ ਹੋਣਗੇ ।

## ਮਨਸੂਰਪੁਰ (ਮੁਕੇਰੀਆਂ) ਭਾਈ ਜਗਤ ਸਿੰਘ ਜੀ ਦੇ ਗ੍ਰਹਿ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ ੧੭ ਦਸੰਬਰ ਰਾਤ ਨੂੰ ਮੁਕੇਰੀਆਂ ਪੇਪਰ ਮਿਲ ਤੋਂ ਟਰਾਲੀਆਂ ਦਾ ਪ੍ਰਬੰਧ ਹੋਵੇਗਾ ਜੀ ।

## ਮਾਸਕ ਰੈਣਿ ਸਬਾਈ ਕੀਰਤਨ ੧੭ ਦਸੰਬਰ ਰਾਤ ਨੂੰ ਗੁਰਦੁਆਰਾ ਸਿਧਵਾਂ ਖੁਰਦ (ਕਾਲਜ ਵਾਲਾ) ਜ਼ਿਲਾ ਲੁਧਿਆਣਾ ਵਿਖੇ।

## ਗਵਾਲੀਅਰ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ

ਸ੍ਰੀ ਗੁਰੂ ਸਿੰਘ ਸਭਾ, ਹਵਾਈ ਅੱਡਾ ਮਹਾਰਾਜਪੁਰ, ਗਵਾਲੀਅਰ ਵਿਖੇ ੨੪ ਦਸੰਬਰ ਰਾਤ ਨੂੰ ਕੀਰਤਨ ਸਮਾਗਮ ਹੋਣਗੇ ।

## ਪਿੰਡ ਕਨੋਈ (ਸੰਗਰੂਰ) ਵਿਖੇ ਦਿਵਸ ਸੁਹੇਲਾ ਤੇ ਰੈਣਿ ਸਬਾਈ ਕੀਰਤਨ

**ਭਾਈ ਜਗਤਾਰ ਸਿੰਘ** ਦੇ ਗ੍ਰਹਿ ਵਿਖੇ ੨੨ ਤੋਂ ੨੪ ਦਸੰਬਰ ਅਖੰਡ ਪਾਠ ਉਪਰੰਤ ਦਿਵਸ ਸੁਹੇਲਾ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ । ਸੰਗਰੂਰ ਬੱਸ ਸਟੈਂਡ ਤੋਂ ੨੪ ਦਸੰਬਰ ਸ਼ਾਮ ਨੂੰ ੪.੩੦ ਤੋਂ ੭.੩੦ ਤੱਕ ਸੰਗਤਾਂ ਨੂੰ ਲਿਜਾਣ ਦਾ ਪ੍ਰਬੰਧ ਹੋਵੇਗਾ ।

## ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ

੩੧-੧੨-੯੪ ਰਾਤ ਨੂੰ ਗੁਰਦੁਆਰਾ ਅਜੀਤ ਨਗਰ (ਈਸਟਮੋਹਨ ਨਗਰ) ਵਿਖੇ ਰੈਣਿ ਸਬਾਈ ਕੀਰਤਨ ਹੋਣਗੇ ।

## U.K. ਵਿਖੇ ਅਖੰਡ ਕੀਰਤਨ ਸਮਾਗਮ

**੧੭-੧੨-੯੪ ਰੈਣਿ ਸਬਾਈ ਕੀਰਤਨ ਸ੍ਰੀ ਗੁਰੂ ਸਿੰਘ ਸਭਾ**

Gurd. HAVELOCK ROAD, SOUTHHALL MIDDX (U.K.) Tel. : Gurd. 081-574-8901

ਵਧੇਰੇ ਜਾਣਕਾਰੀ ਲਈ ਭਾਈ ਸਤਨਾਮ ਸਿੰਘ 081-571-4690

10-12-94 ਰੈਣਿ ਸਬਾਈ ਕੀਰਤਨ BHAI RAGHBIR SINGH JI

7 BORROW DALE ROAD, LEAMINGTON SPA MIDLAND-CV-32-6NY

Tel. :0926-885466 ਦੇ ਗ੍ਰਹਿ ਵਿਖੇ ਹੋਣਗੇ । ਜਾਣਕਾਰੀ ਲਈ

Bhai Jarnail Singh / Bhai Phulvinder Singh Tel. : 0926-330008/0926-338937

**SURA (MONTHLY) KOTHI NO. 12 BLOCK I.BHAI RANDHIR SINGH NAGAR, LUDHIANA**

www.AKJ.Org